ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ
SADE LOK
sadelok.com

8-14 ਅਪ੍ਰੈਲ 2026

ਸਾਲ 17ਵਾਂ - ਅੰਕ 15
email : info@sadelok.com
Ph. : 510-706-1300
Fax : 925-373-1300

## ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਟਰੇਸੀ ਵਿਖੇ 'ਹੋਲਾ ਮਹੱਲਾ' ਸ਼ਰਧਾ ਨਾਲ ਮਨਾਇਆ



(ਦੇਖੋ ਸਫ਼ਾ 32-33 'ਤੇ)




# ਸਿੱਖਾਂ 'ਚ ਪਾਕਿਸਤਾਨ ਜਾਣ ਸਮੇਂ ਵਿਆਹ ਵਰਗਾ ਚਾਅ ਹੁੰਦਾ

## ਵਿਸਾਖੀ ਮੌਕੇ ਪਾਕਿਸਤਾਨ ਜਾਣ ਦੀਆਂ ਤਿਆਰੀਆਂ: ਅੰਮ੍ਰਿਤਸਰ ਵਿਖੇ ਪਾਸਪੋਰਟ ਲੈਣ ਲਈ ਸ਼ਰਧਾਲੂਆਂ ਦੀਆਂ ਲੱਗੀਆਂ ਕਤਾਰਾਂ

ਅੰਮ੍ਰਿਤਸਰ : ਖਾਲਸਾ ਸਾਜਨਾ ਦਿਵਸ 'ਵਿਸਾਖੀ' ਦੇ ਪਵਿੱਤਰ ਦਿਹਾੜੇ ਨੂੰ ਮਨਾਉਣ ਲਈ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਜਾਣ ਵਾਲੇ ਸਿੱਖ ਸ਼ਰਧਾਲੂਆਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਵੀਰਵਾਰ ਨੂੰ ਅੰਮ੍ਰਿਤਸਰ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਦੇ ਦਫ਼ਤਰ ਬਾਹਰ ਸ਼ਰਧਾਲੂਆਂ ਦੀਆਂ ਲੰਬੀਆਂ ਕਤਾਰਾਂ ਦੇਖਣ ਨੂੰ ਮਿਲੀਆਂ, ਜੋ ਵੀਜ਼ਾ ਲੱਗਣ ਤੋਂ ਬਾਅਦ ਆਪਣੇ ਪਾਸਪੋਰਟ ਹਾਸਲ ਕਰਨ ਲਈ ਪਹੁੰਚੇ ਹੋਏ ਸਨ।



**2,800 ਤੋਂ ਵੱਧ ਸ਼ਰਧਾਲੂਆਂ ਨੂੰ ਮਿਲਿਆ ਵੀਜ਼ਾ** : ਪਾਕਿਸਤਾਨ ਹਾਈ ਕਮਿਸ਼ਨ ਨੇ ਇਸ ਸਾਲ ਵਿਸਾਖੀ ਦੇ ਤਿਉਹਾਰ ਲਈ ਭਾਰਤ ਤੋਂ 2,842 ਸਿੱਖ ਸ਼ਰਧਾਲੂਆਂ ਨੂੰ ਵੀਜ਼ਾ ਜਾਰੀ ਕੀਤਾ ਹੈ। ਇਹ ਜਥਾ ਪਾਕਿਸਤਾਨ ਦੇ ਪੰਜਾਬ ਸੂਬੇ ਵਿੱਚ ਸਥਿਤ ਵੱਖ-ਵੱਖ ਇਤਿਹਾਸਕ ਗੁਰਦੁਆਰਿਆਂ, ਖਾਸ ਕਰਕੇ ਗੁਰਦੁਆਰਾ ਸ੍ਰੀ ਪੰਜਾ ਸਾਹਿਬ, ਦੇ ਦਰਸ਼ਨ ਕਰੇਗਾ।

**ਰਵਾਨਗੀ:** ਸ਼ਰਧਾਲੂਆਂ ਦਾ ਇਹ ਜਥਾ ਅਗਲੇ ਕੁਝ ਦਿਨਾਂ ਵਿੱਚ ਅਟਾਰੀ-ਵਾਹਗਾ ਸਰਹੱਦ ਰਾਹੀਂ ਪਾਕਿਸਤਾਨ ਲਈ ਰਵਾਨਾ ਹੋਵੇਗਾ।

**ਮੁੱਖ ਪੜਾਅ:** 14 ਅਪ੍ਰੈਲ ਨੂੰ ਸ਼ਰਧਾਲੂ ਗੁਰਦੁਆਰਾ ਸ੍ਰੀ ਪੰਜਾ ਸਾਹਿਬ (ਹਸਨ ਅਬਦਾਲ) ਵਿਖੇ ਵਿਸਾਖੀ ਦੇ ਮੁੱਖ ਸਮਾਗਮ ਵਿੱਚ ਹਿੱਸਾ ਲੈਣਗੇ। ਇਸ ਤੋਂ ਇਲਾਵਾ ਜਥਾ ਨਨਕਾਣਾ ਸਾਹਿਬ ਅਤੇ ਕਰਤਾਰਪੁਰ ਸਾਹਿਬ ਦੇ ਵੀ ਦਰਸ਼ਨ ਕਰੇਗਾ।

**ਵਾਪਸੀ:** ਤਕਰੀਬਨ 10 ਦਿਨਾਂ ਦੀ ਯਾਤਰਾ ਤੋਂ ਬਾਅਦ ਇਹ ਜਥਾ ਵਾਪਸ ਭਾਰਤ ਪਰਤੇਗਾ।

(ਦੇਖੋ ਸਫ਼ਾ 27 'ਤੇ)

## ਹੁਣ ਪੰਜਾਬ ਦੀ ਨਸਲਕੁਸ਼ੀ ਨਸ਼ਿਆਂ ਨਾਲ ਲਗਾਤਾਰ ਜਾਰੀ ਹੈ

ਸੁਲਤਾਨਪੁਰ ਲੋਧੀ : ਕਪੂਰਥਲਾ ਦੀ ਸਬ-ਡਵੀਜ਼ਨ ਸੁਲਤਾਨਪੁਰ ਲੋਧੀ ਦੇ ਥਾਣਾ ਖੇਤਰ ਦੇ ਨੇੜਲੇ ਮੁਹੱਲੇ ਪੰਡੋਰੀ 'ਚ ਇਕ ਪਰਿਵਾਰ 'ਤੇ ਦੁੱਖਾਂ ਦਾ ਪਹਾੜ ਟੁੱਟ ਪਿਆ, ਜਿੱਥੇ ਪਹਿਲਾਂ ਹੀ ਅਪਣੇ ਚਾਰ ਪੁੱਤਰਾਂ ਨੂੰ ਗੁਆ ਚੁੱਕੇ ਮਾਪਿਆਂ ਦੇ ਪੰਜਵੇਂ ਅਤੇ ਆਖ਼ਰੀ ਪੁੱਤਰ ਦੀ ਵੀ ਇਲਾਜ ਦੌਰਾਨ ਮੌਤ ਹੋ ਗਈ ਹੈ। ਜਾਣਕਾਰੀ ਅਨੁਸਾਰ ਨੌਜਵਾਨ ਨੂੰ ਸਾਹ ਲੈਣ ਵਿਚ ਤਕਲੀਫ਼ ਹੋਣ ਕਾਰਨ ਪਹਿਲਾਂ ਸਿਵਲ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਸੀ। ਹਾਲਤ ਗੰਭੀਰ ਹੁੰਦਿਆਂ ਦੇਖ ਉਸ ਨੂੰ ਸੋਮਵਾਰ ਨੂੰ ਅੰਮ੍ਰਿਤਸਰ ਰੈਫਰ ਕਰ ਦਿਤਾ ਗਿਆ।



ਚਾਰ ਪੁੱਤਾਂ ਦਾ ਦੁੱਖ ਅਜੇ ਮੁੱਕਿਆ ਨਹੀਂ ਕਿ ਨਸ਼ੇ ਦੇ ਕਹਿਰ ਨੇ ਪੰਜਵਾਂ ਵੀ ਨਿਗਲਿਆ

ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਇਸ ਮਾਮਲੇ ਦਾ ਨੋਟਿਸ ਲੈਂਦਿਆਂ ਨੌਜਵਾਨ ਦਾ ਸਾਰਾ ਇਲਾਜ ਸਰਕਾਰੀ ਖ਼ਰਚੇ 'ਤੇ ਕਰਵਾਉਣ ਦਾ ਐਲਾਨ ਕੀਤਾ ਸੀ। ਅੰਮ੍ਰਿਤਸਰ ਦੇ ਗੁਰੂ ਨਾਨਕ ਦੇਵ ਹਸਪਤਾਲ (ਮੈਡੀਕਲ ਕਾਲਜ) ਵਿਚ ਜੇਰੇ-ਇਲਾਜ ਇਸ ਪੰਜਵੇਂ ਪੁੱਤਰ ਨੇ ਵੀ ਦਮ ਤੋੜ ਦਿੱਤਾ।

ਸੁਲਤਾਨਪੁਰ ਲੋਧੀ ਦੇ ਡੀ.ਐਸ.ਪੀ. ਧੀਰੇਂਦਰ ਵਰਮਾ ਨੇ ਪੰਜਵੇਂ ਬੇਟੇ ਦੀ ਮੌਤ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਦਸਿਆ ਕਿ ਮੌਤ ਦੇ ਅਸਲ

(ਦੇਖੋ ਸਫ਼ਾ 18 'ਤੇ)

Bhatia & Co, Inc
Certified Public Accountants
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories of nonimmigrant visas
Other Immigrantion Services
Citizenship
e-Verify, 1-9 and
Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ

Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਮਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।

ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

KW LAKE WASHINGTON SO
KELLERWILLIAMS. REALTY
CJ Singh
Realtor
License # 24012019
Real Estate Broker

CJ Singh
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
(206) 295-5993 | c.singh@kw.com | realtorcjsingh.com
bellevueareahomefinder.com
707 S Grady Way Suit 730, Renton, WA 98057

SAN RAMON
Lathrop & Mani Street Manteca
URGENT CARE & CLINIC
Call US : 209-637-0210 | 612-578-8078 | 925-495-0207
CITIZENSHIP ELIGIBILITY AND GREEN CARD APPLICATION
Visit Us Now! Dr. Rajesh Maheshwari, MD
9140 Alcosta Boulevard Ste D San Ramon, CA 94583 (925) 361-5959
15810 Harlan Road #A Lathrop, CA 95330 (209) 983-9000
1040 North Main Street Manteca, CA 95336 (209) 825-51155
San Ramon URGENT CARE & CLINIC
Lathrop URGENT CARE
Main Street URGENT CARE
https :.//www.sanramonurgentcare.com | Email us at info@sanramonucc.com


ਪੋਲੀਟੀਕਲ ਅਸਾਈਲਮ • Political Asylum
Deportation of Defense • BIA Appeal
9 Circuit Court • Federal Court
ਗਰੀਨਕਾਰਡ • ਸਿਟੀਜਨਸ਼ਿਪ
Green Card • Citizenship
ਡਾਈਵੋਰਸ • ਸਿਵਲ ਐਂਡ ਕਰੀਮੀਨਲ ਕੇਸ
Divorce • Civil and Criminal Cases
Family Petition Immigration
Travel document • Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
LAW OFFICES OF EMMANUEL ENYINWA
All Services Under One Roof
ESQ, Abogado
369 Pine Street, Suite 420, San Francisco, CA 94104
Enyinwalaw@gmail.com
ਨੋਟ : ਇਥੇ ਸਪੈਨਿਸ਼ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ਼ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।
209-481-7750
209-624-3919
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco
EMMANUEL ENYINWA
Attorney of Law
Tel. 415-956-6100
Fax. 415-956-6111


# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

For agriculture and almond Farm, office building, Farm House and for Truck Yard in Tracy, Manteca, Lathrop and Stockton

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

**RANJIT SINGH**

**VALLEY REAL ESTATE CENTER (OFFICE LIC.: 01392267)**

**68 E 11TH STREET STE 109, TRACY, CA 95376**

**OFFICE : 209-956-1000 CELL : 408-355-5700, GBSINGH84@GMAIL.COM**

# ਕੈਨੇਡਾ ਨੇ 'ਸ਼ਰਨਾਰਥੀ ਸਿਸਟਮ' ਨੂੰ ਸਖ਼ਤ ਕਰਨ ਲਈ ਨਵਾਂ ਐਕਟ ਕੀਤਾ ਲਾਗੂ

ਟੋਰਾਂਟੋ : ਕੈਨੇਡਾ ਸਰਕਾਰ ਨੇ ਪਿਛਲੇ ਹਫ਼ਤੇ 'ਬਿੱਲ ਸੀ-12' ਪਾਸ ਕਰ ਕੇ ਨਵਾਂ ਐਕਟ ਤੁਰਤ ਲਾਗੂ ਕਰ ਦਿਤਾ ਹੈ ਜਿਸ ਤਹਿਤ 'ਸ਼ਰਨਾਰਥੀ ਸਿਸਟਮ' ਨੂੰ ਸਖ਼ਤ ਕਰਨ ਲਈ ਨਵੀਆਂ ਸ਼ਰਤਾਂ ਲਗਾ ਕੇ ਹਜ਼ਾਰਾਂ ਭਾਰਤੀਆਂ ਵਿਸ਼ੇਸ਼ ਕਰ ਕੇ ਪੰਜਾਬੀ ਨੌਜੁਆਨਾਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਚਿੰਤਾਂ 'ਚ ਪਾ ਦਿਤਾ ਹੈ।



ਇਸ ਨਵੇਂ ਐਕਟ ਦਾ ਮਕਸਦ ਕੈਨੇਡਾ 'ਚ ਚੱਲ ਰਹੇ ਸ਼ਰਨਾਰਥੀ ਸਿਸਟਮ ਦੀ ਦੁਰਵਰਤੋਂ ਨੂੰ ਰੋਕਣਾ ਹੈ ਕਿਉਂਕਿ ਜਿਨ੍ਹਾਂ ਹਜ਼ਾਰਾਂ ਅਰਜ਼ੀਕਰਤਾਵਾਂ ਨੂੰ ਹੋਰ ਢੰਗ ਵਰਤਣ ਤੋਂ ਸਾਫ਼ ਇਨਕਾਰ ਹੋ ਜਾਂਦਾ ਸੀ, ਉਹ ਸ਼ਰਨ ਲੈਣ ਲਈ ਅਤੇ ਗ਼ਲਤ ਕਾਗ਼ਜ਼ ਬਣਾ ਕੇ ਸ਼ਰਨ ਲੈਣ ਦੀ ਅਰਜ਼ੀ ਦਾਇਰ ਕਰ ਦਿੰਦੇ ਸਨ। ਟੋਰਾਂਟੋ ਤੋਂ ਛਪੀਆਂ ਖ਼ਬਰਾਂ ਅਨੁਸਾਰ ਪਿਛਲੇ 3 ਸਾਲਾਂ 'ਚ ਸ਼ਰਨਾਰਥੀ ਸਿਸਟਮ ਤਹਿਤ 2023 'ਚ 11260 ਅਰਜ਼ੀਆਂ ਪ੍ਰਾਪਤਾ ਹੋਈਆਂ, ਇਹ ਗਿਣਤੀ 2024 'ਚ ਵੱਧ ਕੇ 32,280 ਹੋਈ ਅਤੇ ਪਿਛਲੇ ਸਾਲ ਅਰਜ਼ੀ ਕਰਤਾ ਹੋਰ ਵੱਧ ਗਏ ਅਤੇ ਸਰਕਾਰ ਨੇ ਇਸ 'ਤੇ ਰੋਕ ਲਾਉਣ ਲਈ ਨਵੇਂ ਨਿਯਮ ਲਾਗੂ ਕਰ ਦਿਤੇ।

ਅਪਲਾਈ ਕਰਨ ਵਾਸਤੇ ਤੈਅ ਕੀਤੀਆਂ ਨਵੀਂਆਂ ਸ਼ਰਤਾਂ 'ਚ 24 ਜੂਨ ,2020 ਤੋਂ ਬਾਅਦ ਕੈਨੇਡਾ ਪਹੁੰਚੇ ਸੈਲਾਨੀ, ਵਿਜ਼ਟਰ, ਵਿਦਿਆਰਥੀ ਜਾਂ ਹੋਰ ਵਿਅਕਤੀ ਜਾਂ ਅਰਜ਼ੀਕਰਤਾ ਦਾ ਕੇਸ 'ਇਮੀਗ੍ਰੇਸ਼ਨ ਰਿਫ਼ਿਊਜੀ ਬੋਰਡ (ਆਈਆਰਬੀ) ਨੂੰ ਨਹੀਂ ਭੇਜਿਆ ਜਾਵੇਗਾ। ਅੰਕੜਿਆਂ ਮੁਤਾਬਕ 2023 'ਚ 11260 ਭਾਰਤੀ ਜਿਨ੍ਹਾਂ 'ਚ ਜ਼ਿਆਦਾ ਪੰਜਾਬੀ ਸਨ, ਨੇ ਸ਼ਰਨਾਰਥੀ ਸਿਸਟਮ ਤਹਿਤ ਕਲੇਮ ਕੀਤਾ। ਇਨ੍ਹਾਂ 'ਚ 6410 ਪਹਿਲਾਂ ਹੀ ਕੈਨੇਡਾ 'ਚ ਰਹਿ ਰਹੇ ਸਨ। ਇਹ ਗਿਣਤੀ ਵੱਧ ਕੇ 2024 'ਚ 32,280 ਹੋ ਗਈ। ਇਨ੍ਹਾਂ 'ਚ 17525 ਕੈਨੇਡਾ 'ਚ ਹੀ ਰਹੇ ਸਨ। ਪਿਛਲੇ ਸਾਲ ਇਹ ਅੰਕੜਾ 17200 ਅਰਜ਼ੀਆਂ ਦਾ ਸੀ ਅਤੇ 14,800 ਇਨ੍ਹਾਂ 'ਚ ਕੈਨੇਡਾ ਦੇ ਬਸ਼ਿੰਦੇ ਸਨ।

ਇਥੇ ਇਹ ਵੀ ਜ਼ਿਕਰਯੋਗ ਹੈ ਕਿ 2015 'ਚ ਭਾਰਤੀ ਨਾਗਰਿਕਾਂ ਨੇ 380 ਸ਼ਰਨਾਰਥੀ ਕਲੇਮ ਲਏ ਜਦੋਂ ਕਿ ਅਰਜ਼ੀਕਰਤਾ 16,050 ਸਨ ਅਤੇ 2023 'ਚ 1,43,335 ਵਿਅਕਤੀਆਂ 'ਚੋਂ 11260 ਸ਼ਰਨਾਰਥੀ ਸਫ਼ਲ ਹੋ ਗਏ। ਇਸੇ ਤਰ੍ਹਾਂ ਪਿਛਲੇ ਸਾਲ 1,71,850 ਅਰਜ਼ੀਕਰਤਾਵਾਂ 'ਚੋਂ 32280 ਸਫ਼ਲ ਰਹੇ। ਨਵੀਆਂ ਸ਼ਰਤਾਂ ਅਤੇ ਸ਼ਰਨਾਰਥੀ ਐਕਟ ਬਾਰੇ ਟੋਰਾਂਟੋ ਤੋਂ ਇਕ ਕਾਨੂੰਨੀ ਮਾਹਰ ਨੇ ਦਸਿਆ ਕਿ ਨਿਯਮਾਂ 'ਚ ਸਖ਼ਤੀ ਕਰਨ ਨਾਲ ਪ੍ਰੀ-ਰਿਮੂਵਲ ਰਿਸਕ ਅਸੈਸਮੈਂਟ (ਪੀਆਰਆਰਏ) ਜਿਸ ਦਾ ਮਤਲਬ 'ਕੈਨੇਡਾ ਤੋਂ ਕੱਢੇ ਜਾਣ ਦਾ ਖ਼ਤਰਾ ਹਟਾਉਣ' ਲਈ ਹਜ਼ਾਰਾਂ ਵਿਅਕਤੀ ਉਥੋਂ ਦੀ ਫੈਡਰਲ ਅਦਾਲਤ ਦਾ ਦਰਵਾਜ਼ਾ ਖੜਕਾਉਣਗੇ ਤੇ ਹਾਹਾਕਾਰ ਮਚੇਗੀ।

ਮਾਹਰ ਨੇ ਇਹ ਵੀ ਕਿਹਾ ਕਿ ਸਖ਼ਤ ਕਾਨੂੰਨ ਤੇ ਯੋਗ ਹੋਣ ਲਈ ਨਵੀਆਂ ਸ਼ਰਤਾਂ 'ਕਾਨੂੰਨੀ ਤੌਰ 'ਤੇ ਉਥੇ ਰਹਿ ਰਹੇ ਸ਼ਰਨਾਰਥੀਆਂ 'ਤੇ ਵੀ ਮਾੜਾ ਅਸਰ ਪਾਉਣਗੀਆਂ। ਆਈਆਰਸੀਸੀ ਦੇ ਇਕ ਬੁਲਾਰੇ ਨੇ ਇਹ ਵੀ ਤਾੜਨਾ ਕੀਤੀ ਕਿ ਨਵੇਂ ਕਾਨੂੰਨ ਰਾਹੀਂ ਕਾਗ਼ਜ਼ਾਂ ਤੇ ਦਸਤਾਵੇਜ਼ਾਂ ਦੀ ਪੜਤਾਲ ਵਧਣ, ਬਰੀਕੀ ਨਾਲ ਲਾਗੂ ਕਰਨ ਕਰ ਕੇ 'ਆਰਜ਼ੀ ਤੌਰ 'ਤੇ ਰਹਿ ਰਹੇ' ਯਾਨੀ ਟੀਆਰ ਵਾਲੇ ਨੌਜੁਆਨਾਂ ਵਲੋਂ ਅਪਲਾਈ ਕਰਨਾ ਘਟੇਗਾ, ਜਿਨ੍ਹਾਂ 'ਚ ਵਿਜ਼ਟਰ, ਵਰਕਰ, ਵਿਦਿਆਰਥੀ ਸ਼ਾਮਲ ਹਨ। ਪੰਜਾਬ, ਚੰਡੀਗੜ੍ਹ ਤੇ ਹਰਿਆਣਾ ਦੇ ਕਈ ਮਾਹਰਾਂ ਨੇ ਇਸ ਨਵੇਂ ਐਕਟ ਤਹਿਤ ਸਖ਼ਤ ਸ਼ਰਤਾਂ 'ਤੇ ਚਿੰਤਾ ਜਾਹਰ ਕੀਤੀ।


ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ




Get more BENEFITS at No Cost $0 Premium




Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com





Balsani Welders & Builders
We Design, Manufacture & Ship Nationwide
All Kind of Welding & Fabrication Services Available


- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences







ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ 'ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।



ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।

ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।





- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- FABRICATION TO INSTALLATION

ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ 'ਚ ਬਦਲਾਂਗੇ।

S. Iqbal Singh
844-573-3824 | 510 862 2332
433 W Scotts Ave Stockton, CA 95203
PH: (925) 487-7117

# ਭਾਰਤੀ ਹਵਾਈ ਸੈਨਾ ਦੇ ਮੁਖੀ ਏਅਰ ਚੀਫ ਮਾਰਸ਼ਲ ਏ.ਪੀ. ਸਿੰਘ ਅਮਰੀਕਾ ਦੇ ਦੌਰੇ 'ਤੇ ਪਹੁੰਚੇ

ਵਾਸ਼ਿੰਗਟਨ, (ਰਾਜ ਗੋਗਨਾ) : ਭਾਰਤੀ ਹਵਾਈ ਸੈਨਾ ਦੇ ਮੁਖੀ ਏਅਰ ਮਾਰਸ਼ਲ ਏ.ਪੀ. ਸਿੰਘ ਅਮਰੀਕਾ ਦੇ ਦੌਰੇ ਤੇ ਪਹੁੰਚੇ, ਇਸ ਦੌਰੇ ਦਾ ਮੁੱਖ ਉਦੇਸ਼ ਭਾਰਤ-ਅਮਰੀਕਾ ਰੱਖਿਆ ਸਾਂਝੇਦਾਰੀ ਨੂੰ ਹੋਰ ਮਜ਼ਬੂਤ ਕਰਨਾ ਹੈ। ਹਵਾਈ ਸੈਨਾ ਵਿੱਚ ਘਟਦੇ ਸਕੁਐਡਰਨ ਅਤੇ 114 ਰਾਫੇਲ ਜੈੱਟਾਂ ਦੇ ਸੌਦੇ ਨੂੰ ਪ੍ਰਵਾਨਗੀ ਦੇ ਵਿਚਕਾਰ ਇਹ ਦੌਰਾ ਰਣਨੀਤਕ ਤੌਰ 'ਤੇ ਬਹੁਤ ਮਹੱਤਵਪੂਰਨ ਹੈ। ਜਿਸ ਨਾਲ ਦੋਵਾਂ ਦੇਸ਼ਾਂ ਵਿਚਕਾਰ ਫੌਜੀ ਸਹਿਯੋਗ ਅਮਰੀਕਾ ਵਿੱਚ ਭਾਰਤੀ ਰਾਜਦੂਤ ਵਿਨੈ ਕਵਾਤਰਾ ਨੇ ਇਹ ਜਾਣਕਾਰੀ ਦਿੱਤੀ ਹੈ। ਏਅਰ ਚੀਫ ਭਾਰਤ ਅਤੇ ਅਮਰੀਕਾ ਵਿਚਕਾਰ ਰੱਖਿਆ ਸਾਂਝੇਦਾਰੀ ਨੂੰ ਹੋਰ ਮਜ਼ਬੂਤ ਕਰਨ ਨਾਲ ਸਬੰਧਤ ਮੀਟਿੰਗਾਂ ਵਿੱਚ ਹਿੱਸਾ ਲੈਣਗੇ। ਮੰਨਿਆ ਜਾ ਰਿਹਾ ਹੈ ਕਿ ਇਸ ਨਾਲ ਅਮਰੀਕਾ ਅਤੇ ਭਾਰਤੀ ਹਵਾਈ ਸੈਨਾਵਾਂ ਦੇ ਸਬੰਧ ਹੋਰ ਮਜ਼ਬੂਤ ਹੋਣਗੇ। ਅਮਰੀਕਾ ਵਿੱਚ ਭਾਰਤ ਦੇ ਰਾਜਦੂਤ ਵਿਨੈ ਕਵਾਤਰਾ ਨੇ ਟਵਿੱਟਰ 'ਤੇ ਇੱਕ ਫੋਟੋ ਸਾਂਝੀ ਅਤੇ ਪੋਸਟ ਕੀਤੀ ਜਿਸ ਵਿੱਚ ਹਵਾਈ ਸੈਨਾ ਦੇ ਮੁਖੀ ਏਅਰ ਚੀਫ ਮਾਰਸ਼ਲ ਅਮਰਪ੍ਰੀਤ ਸਿੰਘ ਦੀ ਮੇਜ਼ਬਾਨੀ ਅਤੇ ਸਵਾਗਤ ਕਰਨਾ ਉਹਨਾਂ ਲਈ ਖੁਸ਼ੀ ਦੀ



ਗੱਲ ਬਾਰੇ ਕਿਹਾ ਹੈ। ਜੋ ਭਾਰਤ-ਅਮਰੀਕਾ ਦੀ ਰੱਖਿਆ ਸਾਂਝੇਦਾਰੀ ਨੂੰ ਹੋਰ ਮਜ਼ਬੂਤ ਕਰਨ ਅਤੇ ਦੋਵਾਂ ਹਵਾਈ ਸੈਨਾਵਾਂ ਵਿਚਕਾਰ ਮਜ਼ਬੂਤ ਅਤੇ ਵਧਦੇ ਸਬੰਧਾਂ ਨੂੰ ਬਣਾਈ ਰੱਖਣ ਲਈ ਅਮਰੀਕਾ ਦੇ ਆਪਣੇ ਦੌਰੇ 'ਤੇ ਆਏ ਹਨ।

# ਵ੍ਹਾਈਟ ਹਾਊਸ ਨੇੜੇ ਫਾਇਰਿੰਗ, ਹਾਈ ਅਲਰਟ 'ਤੇ ਸੁਰੱਖਿਆ ਏਜੰਸੀਆਂ

ਵਾਸ਼ਿੰਗਟਨ: ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀ.ਸੀ. ਵਿੱਚ ਐਤਵਾਰ ਤੜਕੇ ਉਸ ਸਮੇਂ ਹੜਕੰਪ ਮਚ ਗਿਆ ਜਦੋਂ ਵ੍ਹਾਈਟ ਹਾਊਸ ਦੇ ਬਿਲਕੁਲ ਨੇੜੇ ਸਥਿਤ ਲਾਫਾਇਟ ਪਾਰਕ (Lafayette Park) ਵਿੱਚ ਫਾਇਰਿੰਗ ਹੋਣ ਦੀ ਖ਼ਬਰ ਸਾਹਮਣੇ ਆਈ। ਇਹ ਘਟਨਾ ਰਾਤ ਕਰੀਬ 1 ਵਜੇ ਵਾਪਰੀ, ਜੋ ਕਿ ਵ ?ਹਾਈਟ ਹਾਊਸ ਦੇ ਉੱਤਰੀ ਪਾਸੇ ਸਥਿਤ ਹੈ। ਹਾਲਾਂਕਿ, ਇਸ ਘਟਨਾ ਵਿੱਚ ਕਿਸੇ ਦੇ ਜ਼ਖਮੀ ਹੋਣ ਦੀ ਕੋਈ ਸੂਚਨਾ ਨਹੀਂ ਮਿਲੀ ਹੈ।

ਗੋਲੀਬਾਰੀ ਦੀ ਸੂਚਨਾ ਮਿਲਦੇ ਹੀ ਯੂਨਾਈਟਿਡ ਸਟੇਟਸ ਸੀਕਰੇਟ ਸਰਵਿਸ, ਮੈਟਰੋਪੋਲੀਟਨ ਪੁਲਿਸ ਵਿਭਾਗ ਅਤੇ ਯੂਨਾਈਟਿਡ ਸਟੇਟਸ ਪਾਰਕ ਪੁਲਿਸ ਨੇ ਤੁਰੰਤ ਮੌਕੇ 'ਤੇ ਪਹੁੰਚ ਕੇ ਪੂਰੇ ਇਲਾਕੇ ਵਿੱਚ ਤਲਾਸ਼ੀ ਮੁਹਿੰਮ ਸ਼ੁਰੂ ਕਰ ਦਿੱਤੀ। ਸੁਰੱਖਿਆ ਦੇ ਮੱਦੇਨਜ਼ਰ ਵ੍ਹਾਈਟ ਹਾਊਸ ਦੇ ਆਲੇ-ਦੁਆਲੇ ਦੀਆਂ ਕਈ ਮੁੱਖ ਸੜਕਾਂ ਜਿਵੇਂ ਕਿ 8 ਸਟ੍ਰੀਟ NW, I ਸਟ੍ਰੀਟ NW ਅਤੇ 16ਵੀਂ ਸਟ੍ਰੀਟ NW ਨੂੰ ਅਹਿਤਿਆਤ ਵਜੋਂ ਬੰਦ ਕਰ ਦਿੱਤਾ ਗਿਆ ਹੈ।

ਸ਼ੱਕੀ ਵਾਹਨ ਅਤੇ ਵਿਅਕਤੀ ਦੀ ਭਾਲ ਜਾਰੀ ਸੀਕਰੇਟ ਸਰਵਿਸ ਦੇ ਸੰਚਾਰ ਮੁਖੀ ਐਂਥਨੀ ਗੁਗਲੀਏਲਮੀ ਨੇ ਦੱਸਿਆ ਕਿ ਅਧਿਕਾਰੀ



ਪਾਰਕ ਅਤੇ ਆਸ-ਪਾਸ ਦੇ ਇਲਾਕਿਆਂ ਦੀ ਬਾਰੀਕੀ ਨਾਲ ਜਾਂਚ ਕਰ ਰਹੇ ਹਨ। ਫਿਲਹਾਲ ਕਿਸੇ ਵੀ ਸ਼ੱਕੀ ਦੀ ਗ੍ਰਿਫਤਾਰੀ ਨਹੀਂ ਹੋਈ ਹੈ, ਪਰ ਪੁਲਿਸ ਇੱਕ ਸ਼ੱਕੀ ਵਾਹਨ ਅਤੇ ਇੱਕ ਵਿਅਕਤੀ ਦੀ ਭਾਲ ਕਰ ਰਹੀ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਕੋਲ ਵੀ ਇਸ ਘਟਨਾ ਨਾਲ ਸਬੰਧਤ ਕੋਈ ਜਾਣਕਾਰੀ ਜਾਂ ਵੀਡੀਓ ਫੁਟੇਜ ਹੋਵੇ ਤਾਂ ਉਹ ਤੁਰੰਤ ਪੁਲਸ ਨਾਲ ਸੰਪਰਕ ਕਰਨ।

ਅਧਿਕਾਰੀਆਂ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਇਸ ਘਟਨਾ ਦਾ ਵ੍ਹਾਈਟ ਹਾਊਸ ਦੇ ਰੋਜ਼ਾਨਾ ਦੇ ਕੰਮਕਾਜ 'ਤੇ ਕੋਈ ਅਸਰ ਨਹੀਂ ਪਿਆ ਹੈ ਅਤੇ ਉੱਥੇ ਗਤੀਵਿਧੀਆਂ ਆਮ ਵਾਂਗ ਜਾਰੀ ਹਨ। ਪ੍ਰਤੱਖਦਰਸ਼ੀਆਂ ਮੁਤਾਬਕ ਇਲਾਕੇ ਵਿੱਚ ਭਾਰੀ ਪੁਲਿਸ ਬਲ ਤਾਇਨਾਤ ਹੈ ਅਤੇ ਅਧਿਕਾਰੀ ਹਰ ਸ਼ੱਕੀ ਹਰਕਤ 'ਤੇ ਨਜ਼ਰ ਰੱਖ ਰਹੇ ਹਨ। ਇਹ ਘਟਨਾ ਅਮਰੀਕਾ ਦੇ ਸਭ ਤੋਂ ਸੁਰੱਖਿਅਤ ਖੇਤਰ ਵਿੱਚ ਸੁਰੱਖਿਆ ਏਜੰਸੀਆਂ ਦੀ ਮੁਸਤੈਦੀ ਨੂੰ ਮੁੜ ਦਰਸਾਉਂਦੀ ਹੈ।

# ਭਾਰਤੀ ਮੂਲ ਦੀ ਰਿਨੀ ਸੰਪਤ ਵਾਸ਼ਿੰਗਟਨ ਡੀਸੀ ਦੀ ਮੇਅਰ ਬਣਨ ਦੀ ਦੌੜ 'ਚ ਸ਼ਾਮਲ

## ਡੈਮੋਕ੍ਰੈਟਿਕ ਪਾਰਟੀ ਤੋਂ ਹੋਣਗੇ ਉਮੀਦਵਾਰ

ਵਾਸ਼ਿੰਗਟਨ : ਤਮਿਲਨਾਡੂ ਵਿਚ ਜਨਮੀ ਰਿਨੀ ਸੰਪਤ ਵਾਸ਼ਿੰਗਟਨ ਡੀਸੀ ਦੇ ਮੇਅਰ ਪਦ ਦੇ ਚੋਣ ਵਿਚ ਹਿੱਸਾ ਲੈਣ ਵਾਲੀ ਪਹਿਲੀ ਦੱਖਣ ਏਸ਼ੀਆਈ ਉਮੀਦਵਾਰ ਬਣ ਗਈ ਹੈ। ਡੈਮੋਕ੍ਰੈਟਿਕ ਪਾਰਟੀ ਦੀ 31 ਸਾਲ ਦੀ ਸਰਕਾਰੀ ਠੇਕੇਦਾਰ ਦਾ ਚੋਣ ਅਭਿਆਨ 'ਬੁਨਿਆਦੀ ਚੀਜ਼ਾਂ ਨੂੰ ਠੀਕ ਕਰੋ' ਦੇ ਵਿਸ਼ੇ ਅਤੇ 'ਇਕ ਨਵਾਂ ਡੀਸੀ' ਦੇ ਵਾਅਦੇ ਉਤੇ ਆਧਾਰਤ ਹੈ। ਸੰਪਤ ਨੇ ਅਪਣੀ ਚੋਣੀ ਵੈੱਬਸਾਈਟ ਉਤੇ ਕਿਹਾ, "ਮੈਂ ਕੋਈ ਨੇਤਾ ਨਹੀਂ ਹਾਂ। ਮੇਰਾ ਕਿਸੇ ਵਿਸ਼ੇਸ਼ ਹਿਤ ਸਮੂਹ ਨਾਲ ਕੋਈ ਸੰਬੰਧ ਨਹੀਂ ਹੈ। ਹੁਣ ਸਮਾਂ ਆ ਗਿਆ ਹੈ ਕਿ ਕੋਈ ਬਾਹਰਲਾ ਵਿਅਕਤੀ ਸਾਡੇ ਸ਼ਹਿਰ ਦੀਆਂ ਬੁਨਿਆਦੀ ਸੇਵਾਵਾਂ ਨੂੰ ਸੁਧਾਰਨ ਉਤੇ ਪੂਰੀ ਤਰ੍ਹਾਂ ਧਿਆਨ ਕੇਂਦਰਿਤ ਕਰੇ।"



ਤਮਿਲਨਾਡੂ ਦੇ ਥੇਨੀ ਵਿਚ ਜਨਮੀ ਸੰਪਤ ਸੱਤ ਸਾਲ ਦੀ ਉਮਰ ਵਿਚ ਅਮਰੀਕਾ ਆ ਗਈ ਅਤੇ ਇਕ ਦਹਾਕੇ ਤੋਂ ਵੱਧ ਸਮੇਂ ਤੋਂ ਵਾਸ਼ਿੰਗਟਨ ਡੀਸੀ ਵਿਚ ਰਹਿ ਰਹੀ ਹੈ। ਵਾਸ਼ਿੰਗਟਨ ਡੀਸੀ ਵਿਚ ਡੈਮੋਕ੍ਰੈਟਸ ਦਾ ਦਬਦਬਾ ਹੈ ਅਤੇ 1975 ਵਿਚ ਚੋਣਾਂ ਸ਼ੁਰੂ ਹੋਣ ਤੋਂ ਬਾਅਦ ਸ਼ਹਿਰ ਵਿਚ ਕਦੇ ਵੀ ਰਿਪਬਲਿਕਨ ਪਾਰਟੀ ਤੋਂ ਕੋਈ ਮੇਅਰ ਨਹੀਂ ਰਿਹਾ। ਮੇਅਰ ਪਦ ਦੀ ਦੌੜ ਵਿਚ ਜੈਨਿਸ ਲੂਈਸ ਜਾਰਜ, ਕੇਨਿਯਨ ਮੈਕਡਫੀ, ਗੈਰੀ ਗੁਡਵੇਦਰ, ਰਾਬਰਟ ਐਲ. ਗਰਾਸ ਅਤੇ ਰੋਂਡਾ ਹੈਮਿਲਟਨ ਸ਼ਾਮਲ ਹਨ। ਪ੍ਰਾਇਮਰੀ ਚੋਣ 16 ਜੂਨ ਨੂੰ ਨਿਰਧਾਰਤ ਹਨ, ਜਦਕਿ ਆਮ ਚੋਣ ਤਿੰਨ ਨਵੰਬਰ ਨੂੰ ਹੋਣਗੀਆਂ।

# ਅਮਰੀਕਾ 'ਚ 14 ਮਹੀਨੇ ਮੌਤ ਨਾਲ ਲੜਨ ਤੋਂ ਬਾਅਦ ਜ਼ਿੰਦਗੀ ਦੀ ਬਾਜ਼ੀ ਹਾਰੀ ਭਾਰਤੀ ਵਿਦਿਆਰਥਣ

ਕੈਲੀਫੋਰਨੀਆ : ਅਮਰੀਕਾ ਵਿੱਚ ਇੱਕ ਹਾਦਸੇ ਵਿੱਚ ਗੰਭੀਰ ਜ਼ਖਮੀ ਹੋਈ ਭਾਰਤੀ ਵਿਦਿਆਰਥਣ ਨੀਲਮ ਸ਼ਿੰਦੇ ਨੇ ਦੁਨੀਆ ਨੂੰ ਅਲਵਿਦਾ ਕਹਿ ਦਿੱਤਾ ਹੈ। ਉਹ ਪਿਛਲੇ 14 ਮਹੀਨਿਆਂ ਤੋਂ ਜ਼ਿੰਦਗੀ ਅਤੇ ਮੌਤ ਵਿਚਾਲੇ ਜੂਝ ਰਹੀ ਸੀ। ਉਹ ਮਹਾਰਾਸ਼ਟਰ ਦੇ ਸਤਾਰਾ ਜ਼ਿਲ੍ਹੇ ਦੇ ਵਡਗਾਓਂ ਤਾਲੁਕਾ ਦੀ ਰਹਿਣ ਵਾਲੀ ਸੀ ਅਤੇ ਫਰਵਰੀ 2025 ਵਿੱਚ ਅਮਰੀਕਾ ਵਿੱਚ ਇੱਕ ਹਾਦਸੇ ਵਿੱਚ ਗੰਭੀਰ ਜ਼ਖਮੀ ਹੋ ਗਈ ਸੀ। ਉਸਦੇ ਦੇਹਾਂਤ ਦੀ ਖ਼ਬਰ ਨੇ ਉਸਦੇ ਜੱਦੀ ਜ਼ਿਲ੍ਹੇ ਵਿੱਚ ਸੋਗ ਦੀ ਲਹਿਰ ਫੈਲਾ ਦਿੱਤੀ ਹੈ। 35 ਸਾਲ ਦੀ ਉਮਰ ਵਿੱਚ ਉਸਦਾ ਦੇਹਾਂਤ ਹੋ ਗਿਆ।

ਜ਼ਿਕਰਯੋਗ ਹੈ ਕਿ ਨੀਲਮ 14 ਫਰਵਰੀ, 2025 ਨੂੰ ਸੰਯੁਕਤ ਰਾਜ ਅਮਰੀਕਾ ਵਿੱਚ ਇੱਕ ਹਾਦਸੇ ਵਿੱਚ ਗੰਭੀਰ ਜ਼ਖਮੀ ਹੋ ਗਈ ਸੀ। ਪਰਿਵਾਰ ਨੂੰ ਇਸ ਬਾਰੇ 16 ਫਰਵਰੀ ਨੂੰ ਪਤਾ ਲੱਗਾ। ਉਸਨੂੰ ਇਲਾਜ ਲਈ ਕੈਲੀਫੋਰਨੀਆ ਦੇ ਇੱਕ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸਨੂੰ ਆਈ.ਸੀ.ਯੂ ਵਿੱਚ ਰੱਖਿਆ ਗਿਆ। ਸਿਰ



ਵਿੱਚ ਗੰਭੀਰ ਸੱਟ ਲੱਗਣ ਕਾਰਨ ਤੁਰੰਤ ਸਰਜਰੀ ਕੀਤੀ ਗਈ, ਪਰ ਉਹ ਹੋਸ਼ ਵਿੱਚ ਨਹੀਂ ਆ ਸਕੀ। ਇਸ ਤੋਂ ਬਾਅਦ ਉਹ ਲੰਬੇ ਸਮੇਂ ਤੱਕ ਕੋਮਾ ਵਿੱਚ ਰਹੀ। ਉਸਦੇ ਦਿਮਾਗ ਨੇ ਪੂਰੀ ਤਰ੍ਹਾਂ ਕੰਮ ਕਰਨਾ ਬੰਦ ਕਰ ਦਿੱਤਾ। ਇਲਾਜ ਦੌਰਾਨ ਉਸਦੇ ਸਰੀਰ ਵਿੱਚ ਪਾਈ ਗਈ ਫੀਡਿੰਗ ਟਿਊਬ ਨੇ ਇਨਫੈਕਸ਼ਨ ਨੂੰ ਹੋਰ ਵੀ ਵਿਗੜ ਦਿੱਤਾ। ਜਿਵੇਂ-ਜਿਵੇਂ ਉਸਦੀ ਹਾਲਤ ਵਿਗੜਦੀ ਗਈ, ਡਾਕਟਰਾਂ ਨੇ 28 ਮਾਰਚ ਨੂੰ ਟਿਊਬ ਨੂੰ ਹਟਾਉਣ ਦਾ ਫੈਸਲਾ ਕੀਤਾ ਅਤੇ ਉਸਦੀ ਸਿਹਤ ਤੇਜ਼ੀ ਨਾਲ ਵਿਗੜ ਗਈ। ਉਸਦੇ ਪਰਿਵਾਰ ਨੇ ਲੱਖਾਂ ਭਾਰਤੀਆਂ ਦੀਆਂ ਪ੍ਰਾਰਥਨਾਵਾਂ ਲਈ ਭਾਵਨਾਤਮਕ ਧੰਨਵਾਦ ਪ੍ਰਗਟ ਕੀਤਾ, ਪਰ ਕਿਸਮਤ ਨੇ ਉਨ੍ਹਾਂ ਸਾਰਿਆਂ ਨੂੰ ਹਰਾ ਦਿੱਤਾ। ਉਸਦਾ ਅੰਤਿਮ ਸੰਸਕਾਰ 8 ਅਪ੍ਰੈਲ ਨੂੰ ਸੰਯੁਕਤ ਰਾਜ ਅਮਰੀਕਾ ਵਿੱਚ ਕੀਤਾ ਜਾਵੇਗਾ।

ਹਾਲਾਂਕਿ ਨੀਲਮ ਨੇ ਦੁਨੀਆ ਨੂੰ ਅਲਵਿਦਾ ਕਹਿ ਦਿੱਤਾ ਹੈ, ਪਰ ਉਸਨੇ ਬਹੁਤ ਸਾਰੀਆਂ ਜਾਨਾਂ ਬਚਾਈਆਂ ਹਨ। ਆਪਣੇ ਅੰਗ ਦਾਨ ਕਰਨ ਦੇ ਉਸਦੇ ਫੈਸਲੇ ਨੇ ਬਹੁਤ ਸਾਰੇ ਲੋਕਾਂ ਨੂੰ ਜ਼ਿੰਦਗੀ ਦਾ ਨਵਾਂ ਰਸਤਾ ਵੀ ਦਿੱਤਾ ਹੈ। ਨੀਲਮ ਨੇ ਆਪਣੇ ਜਿਉਂਦੇ ਜੀਅ ਆਪਣੇ ਅੰਗ ਦਾਨ ਕਰਨ ਦਾ ਪ੍ਰਣ ਲਿਆ ਸੀ। ਫਿਰ ਉਸਦੇ ਪਰਿਵਾਰ ਨੇ ਉਸਦੀ ਆਖਰੀ ਇੱਛਾ ਪੂਰੀ ਕਰਨ ਦਾ ਫੈਸਲਾ ਕੀਤਾ। ਇਸ ਪ੍ਰਕਿਰਿਆ ਨੂੰ ਪੂਰਾ ਹੋਣ ਵਿੱਚ ਕੁੱਲ ਅੱਠ ਦਿਨ ਲੱਗ ਗਏ। ਨੀਲਮ ਦੇ ਫੈਸਲੇ ਨੇ ਬਹੁਤ ਸਾਰੇ ਲੋਕਾਂ ਨੂੰ ਜ਼ਿੰਦਗੀ ਦਾ ਇੱਕ ਨਵਾਂ ਰਸਤਾ ਦਿੱਤਾ ਹੈ।

# ਅਮਰੀਕਾ ਦੇ ਸਕੂਲ 'ਚ ਅੰਨ੍ਹੇਵਾਹ ਗੋਲੀਬਾਰੀ ; ਪੁਲਿਸ ਨੇ ਹਮਲਾਵਰ ਨੂੰ ਲਿਆ ਹਿਰਾਸਤ 'ਚ



ਪਾਲਸ ਵੈਲੀ (ਓਕਲਾਹੋਮਾ) : ਅਮਰੀਕਾ ਤੋਂ ਇਕ ਵੱਡੀ ਖ਼ਬਰ ਸਾਹਮਣੇ ਆਈ ਹੈ। ਇੱਥੇ ਦੇ ਓਕਲਾਹੋਮਾ ਰਾਜ ਵਿੱਚ ਇੱਕ ਸਕੂਲ ਅੰਦਰ ਅੰਨ੍ਹੇਵਾਹ ਗੋਲੀਬਾਰੀ ਹੋਣ ਦੀ ਜਾਣਕਾਰੀ ਸਾਹਮਣੇ ਆਈ ਹੈ। ਮੰਗਲਵਾਰ ਨੂੰ ਪਾਲਸ ਵੈਲੀ ਹਾਈ ਸਕੂਲ ਦੀ ਲਾਬੀ ਵਿੱਚ ਹੋਈ ਇਸ ਗੋਲੀਬਾਰੀ ਦੌਰਾਨ ਸਕੂਲ ਦਾ ਪ੍ਰਿੰਸੀਪਲ ਜ਼ਖਮੀ ਹੋ ਗਿਆ।

ਸਰੋਤਾਂ ਅਨੁਸਾਰ ਇਸ ਗੋਲੀਬਾਰੀ ਵਿੱਚ ਹਾਈ ਸਕੂਲ ਦੇ ਪ੍ਰਿੰਸੀਪਲ ਕਿਰਕ ਮੂਰ (Kirk Moore) ਜ਼ਖਮੀ ਹੋਏ ਹਨ। ਉਨ੍ਹਾਂ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ, ਜਿੱਥੇ ਉਨ੍ਹਾਂ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ। ਇਸ ਘਟਨਾ ਦੌਰਾਨ ਰਾਹਤ ਦੀ ਗੱਲ ਇਹ ਰਹੀ ਕਿ ਕੋਈ ਵੀ ਵਿਦਿਆਰਥੀ ਜ਼ਖਮੀ ਨਹੀਂ ਹੋਇਆ। ਗਾਰਵਿਨ ਕਾਉਂਟੀ ਸ਼ੈਰਿਫ ਦੇ ਦਫਤਰ ਨੇ ਸੋਸ਼ਲ ਮੀਡੀਆ 'ਤੇ ਪੋਸਟ ਕੀਤਾ ਕਿ ਕੋਈ ਵਿਦਿਆਰਥੀ ਜ਼ਖਮੀ ਨਹੀਂ ਹੋਇਆ ਹੈ ਅਤੇ ਸ਼ੱਕੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਅਧਿਕਾਰੀਆਂ ਨੇ ਜਨਤਾ ਨੂੰ ਭਰੋਸਾ ਦਿੱਤਾ ਹੈ ਕਿ ਹੁਣ ਸਥਿਤੀ ਕੰਟਰੋਲ ਵਿੱਚ ਹੈ ਅਤੇ ਸਕੂਲ ਨੂੰ ਕੋਈ ਹੋਰ ਖ਼ਤਰਾ ਨਹੀਂ ਹੈ। ਇੱਥੇ ਦੱਸ ਦਈਏ ਕਿ ਪਾਲਸ ਵੈਲੀ ਲਗਭਗ 6,000 ਦੀ ਆਬਾਦੀ ਵਾਲਾ ਇੱਕ ਕਸਬਾ ਹੈ, ਜੋ ਓਕਲਾਹੋਮਾ ਸਿਟੀ ਤੋਂ ਲਗਭਗ 60 ਮੀਲ (96 ਕਿਲੋਮੀਟਰ) ਦੱਖਣ ਵਿੱਚ ਸਥਿਤ ਹੈ। ਪੁਲਿਸ ਵੱਲੋਂ ਇਸ ਹਮਲੇ ਦੇ ਕਾਰਨਾਂ ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ।

# ਟਰੰਪ ਨੇ ਕੈਲੀਫੋਰਨੀਆ ਗਵਰਨਰ ਦੀ ਚੋਣ ਲਈ ਸਟੀਵ ਹਿਲਟਨ ਨੂੰ ਦਿੱਤਾ ਸਮਰਥਨ

ਵਾਸ਼ਿੰਗਟਨ ਡੀ.ਸੀ. : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ 6 ਅਪ੍ਰੈਲ ਨੂੰ ਕੈਲੀਫੋਰਨੀਆ ਦੇ ਗਵਰਨਰ ਦੀ ਹੋਣ ਵਾਲੀ ਚੋਣ ਲਈ ਬ੍ਰਿਟਿਸ਼ ਸਰਕਾਰ ਦੇ ਸਾਬਕਾ ਸਲਾਹਕਾਰ ਅਤੇ ਫਾਕਸ ਨਿਊਜ਼ ਦੇ ਹੋਸਟ ਸਟੀਵ ਹਿਲਟਨ ਦਾ ਸਮਰਥਨ ਕਰਨ ਦਾ ਐਲਾਨ ਕੀਤਾ ਹੈ।

ਦੋਹਰੀ ਨਾਗਰਿਕਤਾ ਰੱਖਣ ਵਾਲੇ ਸਟੀਵ ਹਿਲਟਨ ਨੇ ਬ੍ਰਿਟੇਨ ਦੇ ਸਾਬਕਾ ਪ੍ਰਧਾਨ ਮੰਤਰੀ ਡੇਵਿਡ ਕੈਮਰਨ ਦੇ ਰਣਨੀਤੀ ਨਿਰਦੇਸ਼ਕ ਵਜੋਂ ਸੇਵਾ ਨਿਭਾਈ ਸੀ। ਉਹ 2012 ਵਿਚ ਡਾਊਨਿੰਗ ਸਟ ?ਰੀਟ ਛੱਡ ਕੇ ਕੈਲੀਫੋਰਨੀਆ ਆ ਗਏ ਸਨ।

ਟਰੰਪ ਨੇ 'ਟਰੁਥ ਸੋਸ਼ਲ' 'ਤੇ ਲਿਖਿਆ, ਮੈਂ ਸਟੀਵ ਹਿਲਟਨ ਨੂੰ ਕਈ ਸਾਲਾਂ ਤੋਂ ਜਾਣਦਾ ਹਾਂ ਅਤੇ ਉਨ੍ਹਾਂ ਦਾ ਸਤਿਕਾਰ ਕਰਦਾ ਹਾਂ ਸੰਘੀ ਮਦਦ ਅਤੇ ਸਟੀਵ ਹਿਲਟਨ ਵਰਗੇ ਮਹਾਨ ਗਵਰਨਰ ਨਾਲ ਕੈਲੀਫੋਰਨੀਆ ਪਹਿਲਾਂ ਨਾਲੋਂ ਕਿਤੇ ਬਿਹਤਰ ਹੋ ਸਕਦਾ ਹੈ!



ਸਟੀਵ ਹਿਲਟਨ ਨੂੰ ਮੇਰਾ ਪੂਰਨ ਅਤੇ ਕੁੱਲ ਸਮਰਥਨ ਹੈ।

ਕੈਲੀਫੋਰਨੀਆ ਦੇ ਕਾਨੂੰਨ ਅਨੁਸਾਰ, 2 ਜੂਨ ਨੂੰ ਹੋਣ ਵਾਲੀ ਪ੍ਰਾਇਮਰੀ ਚੋਣ ਵਿਚ ਸਿਖਰਲੇ ਦੋ ਸਥਾਨਾਂ 'ਤੇ ਰਹਿਣ ਵਾਲੇ ਉਮੀਦਵਾਰ ਨਵੰਬਰ ਦੀ ਮੁੱਖ ਚੋਣ ਵਿਚ ਜਾਣਗੇ, ਚਾਹੇ ਉਹ ਕਿਸੇ ਵੀ ਪਾਰਟੀ ਨਾਲ ਸਬੰਧਤ ਹੋਣ।

ਸਟੀਵ ਹਿਲਟਨ ਅਤੇ ਰਿਵਰਸਾਈਡ ਕਾਉਂਟੀ ਦੇ ਸ਼ੈਰਿਫ ਚੈਡ ਬਿਆਂਕੋ ਦੋਵੇਂ ਹੀ ਟਰੰਪ ਦੇ ਸਮਰਥਕ ਹਨ। ਉਨ੍ਹਾਂ ਦੀ ਮੁਹਿੰਮ ਮੁੱਖ ਤੌਰ 'ਤੇ ਰਾਜ ਦੇ ਮੁੱਦਿਆਂ ਜਿਵੇਂ ਕਿ ਅਪਰਾਧ ਅਤੇ ਉੱਚ ਟੈਕਸਾਂ 'ਤੇ ਕੇਂਦਰਿਤ ਹੈ। ਚੋਣ ਸਰਵੇਖਣਾਂ ਅਨੁਸਾਰ ਰਿਪਬਲਿਕਨ ਉਮੀਦਵਾਰਾਂ ਦਾ ਮੁਕਾਬਲਾ ਤਿੰਨ ਪ੍ਰਮੁੱਖ ਡੈਮੋਕ੍ਰੇਟਸ—ਅਮਰੀਕੀ ਪ੍ਰਤੀਨਿਧੀ ਐਰਿਕ ਸਵਾਲਵੈਲ, ਸਾਬਕਾ ਪ੍ਰਤੀਨਿਧੀ ਕੇਟੀ ਪੋਰਟਰ ਅਤੇ ਅਰਬਪਤੀ ਕਾਰਕੁਨ ਟੌਮ ਸਟੀਅਰ ਨਾਲ ਹੈ।

ਡੈਮੋਕ੍ਰੇਟ ਗੈਵਿਨ ਨਿਊਸਮ, ਜੋ 2019 ਤੋਂ ਕੈਲੀਫੋਰਨੀਆ ਦੇ ਗਵਰਨਰ ਹਨ, ਤੀਜੀ ਵਾਰ ਚੋਣ ਲੜਨ ਦੇ ਯੋਗ ਨਹੀਂ ਹਨ। ਅਭਿਨੇਤਾ ਆਰਨੋਲਡ ਸ਼ਵਾਰਜ਼ਨੇਗਰ ਕੈਲੀਫੋਰਨੀਆ ਦੇ ਗਵਰਨਰ ਵਜੋਂ ਸੇਵਾ ਕਰਨ ਵਾਲੇ ਆਖਰੀ ਰਿਪਬਲਿਕਨ ਸਨ, ਜਿਨ੍ਹਾਂ ਦਾ ਕਾਰਜਕਾਲ 2003 ਤੋਂ 2011 ਤੱਕ ਸੀ।

# ਫਰਿਜਨੋ 'ਚ ਰਚਿਆ ਜਾਵੇਗਾ ਨਵਾਂ ਇਤਿਹਾਸ, ਵਿਸਾਖੀ ਮੌਕੇ ਮਨਾਇਆ ਜਾਵੇਗਾ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ





ਫਰਿਜਨੋ (ਕੈਲੀਫੋਰਨੀਆ) (ਗੁਰਿੰਦਰਜੀਤ ਨੀਟਾ ਮਾਛੀਕੇ) : ਗੁਰਦੁਆਰਾ ਸਿੰਘ ਸਭਾ ਫਰਿਜਨੋ ਵਿਖੇ ਵਿਸਾਖੀ ਅਤੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਇੱਕੋ ਮੰਚ 'ਤੇ ਜੋੜਦਿਆਂ ਕਰਵਾਏ ਗਏ ਤਿੰਨ ਰੋਜ਼ਾ ਧਾਰਮਿਕ ਸਮਾਗਮ ਨੇ ਇਤਿਹਾਸਕ ਰੂਪ ਧਾਰਨ ਕਰ ਲਿਆ। ਪੰਜਾਬੀ ਕਲਚਰਲ ਐਸੋਸੀਏਸ਼ਨ (PCA) ਦੇ ਵਿਸ਼ੇਸ਼ ਉਪਰਾਲੇ ਸਦਕਾ ਇਹ ਸੰਭਾਵਿਤ ਅਮਰੀਕਾ ਦਾ ਪਹਿਲਾ ਗੁਰੂ ਘਰ ਬਣ ਗਿਆ, ਜਿੱਥੇ ਵਿਸਾਖੀ ਦੇ ਨਾਲ ਗੁਰੂ ਨਾਨਕ ਦੇਵ ਜੀ ਦਾ ਅਸਲੀ ਜਨਮ ਦਿਹਾੜਾ 15 ਅਪ੍ਰੈਲ ਨੂੰ ਮੁੱਖ ਰੱਖ ਕੇ ਮਨਾਇਆ ਗਿਆ।

ਮੁੱਖ ਦੀਵਾਨ ਵਿੱਚ ਪ੍ਰਸਿੱਧ ਵਿਦਵਾਨ ਪ੍ਰੋ. ਸਰਬਜੀਤ ਸਿੰਘ ਧੂੰਦਾ ਨੇ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਹਾੜੇ ਸਬੰਧੀ ਚੱਲ ਰਹੀ ਲੰਬੀ ਚਰਚਾ 'ਤੇ ਗੁਰਮਤਿ, ਇਤਿਹਾਸ ਅਤੇ ਤਰਕ ਦੇ ਆਧਾਰ 'ਤੇ ਚਾਨਣਾ ਪਾਇਆ। ਉਨ੍ਹਾਂ ਨੇ ਪ੍ਰਚੱਲਿਤ ਮਨਘੜਤ "ਭਾਈ ਬਾਲੇ ਵਾਲੀ ਸਾਖੀ" ਨੂੰ ਅਧਾਰ ਬਣਾ ਕੇ ਦਿੱਤੀਆਂ ਜਾਂਦੀਆਂ ਦਲੀਲਾਂ ਦੀ ਵੀ ਖੁੱਲ੍ਹ ਕੇ ਵਿਆਖਿਆ ਕੀਤੀ ਅਤੇ ਸਮਝਾਇਆ ਕਿ ਇਤਿਹਾਸਕ ਅਤੇ ਤਰਕਸੰਗਤ ਪੱਖੋਂ ਗੁਰੂ ਨਾਨਕ ਦੇਵ ਜੀ ਦਾ ਅਸਲੀ ਪ੍ਰਕਾਸ਼ ਦਿਹਾੜਾ 15 ਅਪ੍ਰੈਲ ਹੀ ਬਣਦਾ ਹੈ। ਉਨ੍ਹਾਂ ਕਿਹਾ ਕਿ ਨਵੰਬਰ ਵਿੱਚ ਮਨਾਇਆ ਜਾਣ ਵਾਲਾ ਦਿਹਾੜਾ ਬਾਅਦ ਦੀਆਂ ਵਿਪਰੀਤ ਪਰੰਪਰਾਵਾਂ ਰਾਹੀਂ ਸਿੱਖਾਂ 'ਤੇ ਥੋਪਿਆ ਗਿਆ। ਕੁਝ ਨਾਨਕਸ਼ਾਹੀ ਕੈਲੰਡਰ ਪਰੰਪਰਾਵਾਂ ਵਿੱਚ ਵੀ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ 14-15 ਅਪ੍ਰੈਲ ਦੇ ਆਸਪਾਸ ਦਰਸਾਇਆ ਜਾਂਦਾ ਹੈ। ਪ੍ਰੋ. ਧੂੰਦਾ ਨੇ ਇਹ ਵੀ ਜ਼ੋਰ ਨਾਲ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਨਾਨਕਸ਼ਾਹੀ ਕੈਲੰਡਰ ਦੀ ਮੂਲ ਸੋਚ ਅਨੁਸਾਰ ਵੀ ਇਹ ਦਿਹਾੜਾ ਅਪ੍ਰੈਲ ਨਾਲ ਸੰਬੰਧਿਤ ਹੈ, ਅਤੇ ਜੇਕਰ ਆਮ ਤੌਰ 'ਤੇ ਆਨਲਾਈਨ ਜਾਂ ਕੈਲੰਡਰ ਸਰੋਤ ਵੇਖੇ ਜਾਣ ਤਾਂ ਵੀ ਗੁਰੂ ਨਾਨਕ ਦੇਵ ਜੀ ਦੇ ਜਨਮ ਦੀ ਇਤਿਹਾਸਕ ਤਾਰੀਖ 15 ਅਪ੍ਰੈਲ 1469 ਹੀ ਦਰਸਾਈ ਜਾਂਦੀ ਹੈ।

ਦੀਵਾਨ ਵਿੱਚ ਇੰਨੀ ਵੱਡੀ ਗਿਣਤੀ ਵਿੱਚ ਸੰਗਤ ਪਹੁੰਚੀ ਕਿ ਤਿੱਲ ਸੁੱਟਣ ਜਿੰਨੀ ਵੀ ਜਗ ?ਹਾ ਨਹੀਂ ਬਚੀ ਸੀ। ਤਰ੍ਹਾਂ-ਤਰ੍ਹਾਂ ਦੇ ਲੰਗਰ, ਗੰਨੇ ਦਾ ਰਸ, ਜਲੇਬੀਆਂ, ਖ਼ਰੀਦੋ-ਫ਼ਰੋਖ਼ਤ ਦੇ ਸਟਾਲ, ਦਸਤਾਰਾਂ ਅਤੇ ਦੁਪੱਟਿਆਂ ਦੀਆਂ





ਦੁਕਾਨਾਂ ਨੇ ਮਾਹੌਲ ਨੂੰ ਪੰਜਾਬ ਦੇ ਕਿਸੇ ਇਤਿਹਾਸਕ ਮੇਲੇ ਦਾ ਰੂਪ ਦੇ ਦਿੱਤਾ। ਇਸਦੇ ਨਾਲ ਅਵਤਾਰ ਸਿੰਘ ਮਸ਼ੀਨਰੀ ਵੱਲੋਂ ਲਾਇਆ ਗਿਆ ਕਿਤਾਬਾਂ ਦਾ ਸਟਾਲ ਵੀ ਖਾਸ ਆਕਰਸ਼ਣ ਰਿਹਾ। ਇਸ ਮੌਕੇ ਭਾਈ ਸਾਹਿਬ ਡਾ. ਮਲਕੀਤ ਸਿੰਘ ਦੇ ਹਜ਼ੂਰੀ ਜਥੇ ਨੇ ਰਸਭਿੰਨਾ ਕੀਰਤਨ ਕਰਕੇ ਹਾਜ਼ਰੀ ਭਰੀ। ਗੁਰੂ ਘਰ ਦੇ ਮੁੱਖ ਸੇਵਾਦਾਰ ਮਲਕੀਤ ਸਿੰਘ ਕਰਨਾਲ ਵਾਲਿਆਂ ਨੇ ਸੰਗਤ ਨੂੰ ਸੰਬੋਧਨ ਕੀਤਾ। ਪੀਸੀਏ ਮੈਂਬਰ ਸੁਖਬੀਰ ਸਿੰਘ ਭੰਡਾਲ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਇਸ ਇਤਿਹਾਸਕ ਉਪਰਾਲੇ ਨੂੰ ਸੰਗਤ ਵੱਲੋਂ ਮਿਲੇ ਭਰਪੂਰ ਸਹਿਯੋਗ ਦੀ ਪ੍ਰਸ਼ੰਸਾ ਕੀਤੀ।

ਗੁਰਦੁਆਰਾ ਸਾਹਿਬ ਦੀ ਗਰਾਊਂਡ ਵਿੱਚ ਬੱਚਿਆਂ, ਔਰਤਾਂ ਅਤੇ ਮਰਦਾਂ ਦੀਆਂ ਰਵਾਇਤੀ ਖੇਡਾਂ ਵੀ ਕਰਵਾਈਆਂ ਗਈਆਂ। ਖੇਡ ਮੇਲੇ ਦੌਰਾਨ ਸਟੇਜ ਸੰਚਾਲਨ ਜੱਸੀ ਸਰਾਏ ਨੇ ਬੜੇ ਸੁਚੱਜੇ ਢੰਗ ਨਾਲ ਕੀਤਾ, ਜਦਕਿ ਜੰਗੀਰ ਸਿੰਘ ਗਿੱਲ ਅਤੇ ਹਾਕਮ ਸਿੰਘ ਢਿੱਲੋਂ ਸਮੇਤ ਹੋਰ ਸੱਜਣਾਂ ਨੇ ਵੀ ਵਧੀਆ ਭੂਮਿਕਾ ਨਿਭਾਈ।

ਇਸ ਮੌਕੇ ਕੈਲੀਫੋਰਨੀਆ ਸੈਨੇਟ ਲਈ ਚੋਣ ਲੜ ਰਹੀ ਮਨਪ੍ਰੀਤ ਕੌਰ ਨੇ ਵੀ ਸੰਗਤ ਨੂੰ ਸੰਬੋਧਨ ਕੀਤਾ। ਫਰਿਜਨੋ ਸਿਟੀ ਲਈ ਰਨ ਕਰ ਰਹੇ ਨਵਦੀਪ ਸਿੰਘ ਚੰਨ ਵੀ ਸੰਗਤ ਨਾਲ ਮਿਲਦੇ-ਜੁਲਦੇ ਨਜ਼ਰ ਪਏ। ਅੰਤ ਵਿੱਚ ਅਮਿੱਟ ਪੈੜਾਂ ਛੱਡਦਾ ਇਹ ਪ੍ਰੋਗਰਾਮ ਯਾਦਗਾਰੀ ਹੋ ਨਿੱਬੜਿਆ। ਪੂਰੇ ਸਮਾਗਮ ਦੀ ਫੋਟੋਗ੍ਰਾਫੀ ਅਤੇ ਵੀਡੀਓਗ੍ਰਾਫੀ ਦਾ ਕੰਮ ਓਮਨੀ ਵੀਡੀਓ ਵਾਲੇ ਸ਼ਿੰਗਾਰਾ ਸਿੰਘ ਢੀਂਡਸਾ ਅਤੇ ਸਿੰਘ ਵੀਡੀਓ ਫਰਿਜਨੋ ਵੱਲੋਂ ਬਾਖੂਬੀ ਨਿਭਾਇਆ ਗਿਆ।




ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

# LAW OFFICES OF EMMANUEL ENYINWA

ESQ, Abogado

- ਪੋਲੀਟੀਕਲ ਅਸਾਈਲਮ
- Political Asylum
- Deportation of Defense
- BIA Appeal
- 9 Circuit Court
- Federal Court
- ਗਰੀਨਕਾਰਡ
- ਸਿਟੀਜਨਸ਼ਿਪ
- Green Card
- Citizenship
- ਡਾਈਵੋਰਸ
- ਸਿਵਲ ਐਂਡ ਕਰੀਮੀਨਲ ਕੇਸ
- Divorce
- Civil and Criminal Cases
- Family Petition Immigration
- Travel document
- Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਨੋਟ : ਇਥੇ ਸਪੈਨਿਸ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।

ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ

## Manteca-Arizona- San Francisco


239 West Yosemite Ave Manteca CA 95336
hsrotal.64@gmail.com
369 Pine Street, Suite 420, San Francisco, CA 94104
Enyinwalaw@gmail.com



## All Services Under One Roof

HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111



# ਏਅਰ ਇੰਡੀਆ ਫਲਾਈਟ 182: ਸਰਕਾਰੀ ਬਿਰਤਾਂਤ ਬਨਾਮ ਅਣਸੁਲਝੇ ਸਵਾਲ ਅਤੇ ਨਵੇਂ ਖੁਲਾਸੇ

## ਕਨਿਸ਼ਕ ਬੰਬ ਧਮਾਕਾ: ਜੌਨ ਕਿਰਿਆਕੂ ਦੇ ਬਿਆਨ ਅਤੇ 'ਸਾਫਟ ਟਾਰਗੇਟ' ਦੇ ਦਾਅਵਿਆਂ ਦਾ ਇਤਿਹਾਸਕ ਵਿਸ਼ਲੇਸ਼ਣ

ਜੌਨ ਕਿਰਿਆਕੂ ਦੇ ਹਾਲੀਆ ਬਿਆਨਾਂ ਤੋਂ ਇਲਾਵਾ, ਇਸੇ ਤਰ੍ਹਾਂ ਦੇ ਦੋਸ਼ ਪਹਿਲਾਂ ਦੀਆਂ ਲਿਖਤਾਂ ਵਿੱਚ ਵੀ ਸਾਹਮਣੇ ਆਏ ਹਨ, ਜਿਸ ਵਿੱਚ ਜੇ. ਕਸ਼ਮੀਰੀ ਦੀ ਕਿਤਾਬ 'ਸਾਫਟ ਟਾਰਗੇਟ' (Soft Target) ਸ਼ਾਮਲ ਹੈ। ਉਸ ਰਚਨਾ ਵਿੱਚ, ਲੇਖਕ ਇਹ ਦਾਅਵਾ ਕਰਦਾ ਹੈ ਕਿ ਕੈਨੇਡੀਅਨ ਖੁਫੀਆ ਏਜੰਸੀ ਦੇ ਕੁਝ ਅੰਸ਼ ਇੱਕ ਬਦਲਵੇਂ ਸਿਧਾਂਤ ਤੋਂ ਜਾਣੂ ਸਨ—ਕਿ ਏਅਰ ਇੰਡੀਆ ਫਲਾਈਟ 182 ਦੇ ਬੰਬ ਧਮਾਕੇ ਵਿੱਚ ਸਰਕਾਰੀ ਪੱਧਰ ਦੇ ਅਨਸਰ ਸ਼ਾਮਲ ਹੋ ਸਕਦੇ ਹਨ, ਕਥਿਤ ਤੌਰ 'ਤੇ ਸਿੱਖ ਸਮੂਹਾਂ ਨੂੰ ਫਸਾਉਣ ਲਈ। ਕਿਤਾਬ ਅੱਗੇ ਇਹ ਵੀ ਸੁਝਾਅ ਦਿੰਦੀ ਹੈ ਕਿ ਵਿਆਪਕ ਭੂ-ਰਾਜਨੀਤਕ ਅਤੇ ਵਪਾਰਕ ਹਿੱਤਾਂ ਕਾਰਨ ਅਜਿਹੀਆਂ ਜਾਂਚਾਂ ਨੂੰ ਅੱਗੇ ਨਹੀਂ ਵਧਾਇਆ ਗਿਆ ਸੀ।

ਇਹ ਦਾਅਵੇ, ਜੋ ਹੁਣ ਕਿਰਿਆਕੂ ਦੀਆਂ ਹਾਲੀਆ ਟਿੱਪਣੀਆਂ ਦੇ ਕੁਝ ਵਿਆਖਿਆਵਾਂ ਵਿੱਚ ਗੂੰਜਦੇ ਹਨ, ਨੇ ਕੁਝ ਹਲਕਿਆਂ ਵਿੱਚ ਇਸ ਬਾਰੇ ਮੁੜ ਚਰਚਾ ਛੇੜ ਦਿੱਤੀ ਹੈ ਕਿ ਕੀ ਅਧਿਕਾਰਤ ਤੌਰ 'ਤੇ ਪ੍ਰਵਾਨਿਤ ਬਿਰਤਾਂਤ (ਨੈਰੇਟਿਵ) ਪੂਰਾ ਹੈ।

ਕਿਰਿਆਕੂ ਦੇ ਖੁਲਾਸਿਆਂ ਨੇ ਉਸਨੂੰ 9/11 ਤੋਂ ਬਾਅਦ ਸੀ.ਆਈ.ਏ. (CIA) ਦੇ ਪੁੱਛਗਿੱਛ ਪ੍ਰੋਗਰਾਮ ਦਾ ਇੱਕ ਪ੍ਰਮੁੱਖ ਆਲੋਚਕ ਬਣਾ ਦਿੱਤਾ। ਸਮਰਥਕ ਉਸਨੂੰ ਗੈਰ-ਕਾਨੂੰਨੀ ਅਤੇ ਅਨੈਤਿਕ ਅਭਿਆਸਾਂ ਦਾ ਪਰਦਾਫਾਸ਼ ਕਰਨ ਲਈ ਇੱਕ ਨਾਇਕ ਵਜੋਂ ਦੇਖਦੇ ਹਨ; ਜਦਕਿ ਆਲੋਚਕਾਂ ਦਾ ਕਹਿਣਾ ਹੈ ਕਿ ਉਸਨੇ ਗੁਪਤ ਜਾਣਕਾਰੀ ਨੂੰ ਜਨਤਕ ਕੀਤਾ।



**ਮੁਕੱਦਮਾ ਅਤੇ ਕੈਦ:** 2012 ਵਿੱਚ, ਓਬਾਮਾ ਪ੍ਰਸ਼ਾਸਨ ਨੇ ਕਿਰਿਆਕੂ 'ਤੇ ਜਾਸੂਸੀ ਐਕਟ (Espionage Act) ਅਤੇ ਇੰਟੈਲੀਜੈਂਸ ਆਈਡੈਂਟਿਟੀਜ਼ ਪ੍ਰੋਟੈਕਸ਼ਨ ਐਕਟ ਦੇ ਤਹਿਤ ਪੱਤਰਕਾਰਾਂ ਨੂੰ ਗੁਪਤ ਜਾਣਕਾਰੀ ਲੀਕ ਕਰਨ ਲਈ ਦੋਸ਼ ਆਇਦ ਕੀਤੇ (ਜਿਸ ਵਿੱਚ ਅਬੂ ਜ਼ੁਬੈਦਾ ਦੀ ਗ੍ਰਿਫਤਾਰੀ ਵਿੱਚ ਸ਼ਾਮਲ ਇੱਕ ਗੁਪਤ CIA ਅਧਿਕਾਰੀ ਦੀ ਪਛਾਣ ਸ਼ਾਮਲ ਸੀ)। ਉਹ ਜਾਣਕਾਰੀ ਲੀਕ ਕਰਨ ਲਈ ਜੇਲ੍ਹ ਜਾਣ ਵਾਲਾ ਪਹਿਲਾ CIA ਅਧਿਕਾਰੀ ਸੀ ਅਤੇ CIA ਦੇ ਤਸ਼ੱਦਦ ਪ੍ਰੋਗਰਾਮ ਦੇ ਸਬੰਧ ਵਿੱਚ ਜੇਲ੍ਹ ਜਾਣ ਵਾਲਾ ਇਕਲੌਤਾ ਵਿਅਕਤੀ ਸੀ—ਹਾਲਾਂਕਿ ਉਸਨੇ ਖੁਦ ਕਦੇ ਕਿਸੇ ਨੂੰ ਤਸ਼ੱਦਦ ਨਹੀਂ ਦਿੱਤਾ ਸੀ।

**ਦਾਅਵਿਆਂ ਦਾ ਮੁਲਾਂਕਣ** : ਹੇਠ ਲਿਖੀਆਂ ਗੱਲਾਂ




ਡਾ.ਗੁਰਿੰਦਰ ਸਿੰਘ ਗਰੇਵਾਲ
ਐਮ.ਡੀ.
209-321-3771


ਵਿੱਚ ਸਪੱਸ਼ਟ ਅੰਤਰ ਕਰਨਾ ਮਹੱਤਵਪੂਰਨ ਹੈ: ਪ੍ਰਕਾਸ਼ਿਤ ਦੋਸ਼ ਜਾਂ ਵਿਆਖਿਆਵਾਂ (ਜਿਵੇਂ ਕਿ 'ਸਾਫਟ ਟਾਰਗੇਟ' ਵਿੱਚ ਹਨ), ਇੰਟਰਵਿਊਆਂ ਜਾਂ ਮੀਡੀਆ ਵਿੱਚ ਦਿੱਤੇ ਗਏ ਬਿਆਨ, ਅਤੇ ਰਸਮੀ ਜਾਂਚਾਂ ਅਤੇ ਨਿਆਂਇਕ ਪ੍ਰਕਿਰਿਆਵਾਂ ਦੁਆਰਾ ਸਥਾਪਿਤ ਕੀਤੇ ਗਏ ਨਤੀਜੇ।

ਕੈਨੇਡੀਅਨ ਅਧਿਕਾਰੀਆਂ ਦੁਆਰਾ ਕੀਤੀ ਗਈ ਵਿਆਪਕ ਜਾਂਚ ਅਤੇ ਉਸ ਤੋਂ ਬਾਅਦ ਦੀਆਂ ਨਿਆਂਇਕ ਕਾਰਵਾਈਆਂ 'ਤੇ ਅਧਾਰਤ ਅਧਿਕਾਰਤ ਸਿੱਟਿਆਂ ਨੇ ਲਗਾਤਾਰ ਇਸ ਬੰਬ ਧਮਾਕੇ ਲਈ ਖਾਲਿਸਤਾਨੀ ਕੱਟੜਪੰਥੀ ਨੈੱਟਵਰਕਾਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਇਹ ਨਤੀਜੇ ਕਾਨੂੰਨੀ ਅਤੇ ਸੰਸਥਾਗਤ ਤੌਰ 'ਤੇ ਮਾਨਤਾ ਪ੍ਰਾਪਤ ਬਿਰਤਾਂਤ ਬਣੇ ਹੋਏ ਹਨ।

**ਵਿਸ਼ਲੇਸ਼ਣਾਤਮਕ ਦ੍ਰਿਸ਼ਟੀਕੋਣ**

ਅਕਾਦਮਿਕ ਜਾਂ ਇਤਿਹਾਸਕ ਦ੍ਰਿਸ਼ਟੀਕੋਣ ਤੋਂ, ਅਜਿਹੇ ਬਦਲਵੇਂ ਦਾਅਵਿਆਂ ਨੂੰ ਇੱਕ ਵਿਆਪਕ ਪੈਟਰਨ ਦੇ ਅੰਦਰ ਰੱਖਿਆ ਜਾ ਸਕਦਾ ਹੈ:

1. ਵੱਡੀਆਂ ਭੂ-ਰਾਜਨੀਤਿਕ ਘਟਨਾਵਾਂ ਦੇ ਆਲੇ-ਦੁਆਲੇ ਅਕਸਰ ਵਿਰੋਧੀ ਬਿਰਤਾਂਤ ਉੱਭਰਦੇ ਹਨ, ਖਾਸ ਤੌਰ 'ਤੇ ਜਿੱਥੇ ਖੁਫੀਆ ਏਜੰਸੀਆਂ ਅਤੇ ਅੰਤਰਰਾਸ਼ਟਰੀ ਰਾਜਨੀਤੀ ਸ਼ਾਮਲ ਹੁੰਦੀ ਹੈ।
2. ਲੇਖਕ ਅਤੇ ਸਾਬਕਾ ਅਧਿਕਾਰੀ ਵਿਆਖਿਆਤਮਕ ਜਾਂ ਅਸਹਿਮਤ ਵਿਚਾਰ ਪੇਸ਼ ਕਰ ਸਕਦੇ ਹਨ, ਪਰ ਸਥਾਪਿਤ ਇਤਿਹਾਸਕ ਸਿੱਟਿਆਂ ਨੂੰ ਬਦਲਣ ਲਈ ਇਹਨਾਂ ਨੂੰ ਪ੍ਰਮਾਣਿਤ ਸਬੂਤਾਂ ਦੁਆਰਾ ਪੁਸ਼ਟੀ ਦੀ ਲੋੜ ਹੁੰਦੀ ਹੈ।
3. ਕਈ ਬਿਰਤਾਂਤਾਂ ਦੀ ਮੌਜੂਦਗੀ ਕਿਸੇ ਵਿਸ਼ੇਸ਼ ਦਾਅਵੇ ਦੀ ਪੁਸ਼ਟੀ ਨਹੀਂ ਕਰਦੀ; ਸਗੋਂ, ਇਹ ਸਖ਼ਤ ਸਬੂਤਾਂ ਦੇ ਮਾਪਦੰਡਾਂ ਦੀ ਲੋੜ ਨੂੰ ਉਜਾਗਰ ਕਰਦੀ ਹੈ।

**ਸਿੱਟਾ** : ਹਾਲਾਂਕਿ 'ਸਾਫਟ ਟਾਰਗੇਟ' ਅਤੇ ਜੌਨ ਕਿਰਿਆਕੂ ਨਾਲ ਜੁੜੇ ਬਿਆਨ ਚੱਲ ਰਹੀ ਬਹਿਸ ਵਿੱਚ ਯੋਗਦਾਨ ਪਾਉਂਦੇ ਹਨ, ਪਰ ਅਧਿਕਾਰਤ ਜਾਂਚਾਂ ਦੇ ਨਤੀਜਿਆਂ ਦੇ ਮੁਕਾਬਲੇ ਉਹ ਅਪ੍ਰਮਾਣਿਤ ਦਾਅਵੇ ਹੀ ਰਹਿੰਦੇ ਹਨ। ਏਅਰ ਇੰਡੀਆ ਫਲਾਈਟ 182 ਬੰਬ ਧਮਾਕੇ ਦੇ ਕਿਸੇ ਵੀ ਮੁੜ-ਮੁਲਾਂਕਣ ਲਈ ਨਵੇਂ, ਭਰੋਸੇਯੋਗ ਅਤੇ ਸੁਤੰਤਰ ਤੌਰ 'ਤੇ ਪ੍ਰਮਾਣਿਤ ਸਬੂਤਾਂ ਦੀ ਲੋੜ ਹੋਵੇਗੀ।

# ਕਤਲ ਮਾਮਲੇ ਵਿੱਚ ਬਰੀ ਹੋਇਆ ਵਿਅਕਤੀ ਅਮਰੀਕਾ ਵਿੱਚ ਰਹਿਣ ਦਾ ਹੱਕਦਾਰ : ਜੱਜ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਪੈਨਸਿਲਵਾਨੀਆ ਵਿੱਚ ਇੱਕ ਇਮੀਗ੍ਰੇਸ਼ਨ ਜੱਜ ਨੇ ਆਪਣੇ ਫੈਸਲੇ ਵਿੱਚ ਕਿਹਾ ਹੈ ਕਿ ਕਤਲ ਮਾਮਲੇ ਵਿੱਚ ਪਿਛਲੇ ਸਾਲ ਬਰੀ ਕੀਤੇ ਗਏ ਵਿਅਕਤੀ ਨੂੰ ਅਮਰੀਕਾ ਵਿੱਚ ਰਹਿਣ ਦਾ ਹੱਕਦਾਰ ਹੈ। ਭਾਰਤੀ ਮੂਲ ਦੇ 64 ਸਾਲਾ ਸੁਬਰਾਮਨੀਅਮ ਵੇਦਮ ਨੇ 40 ਸਾਲ ਜੇਲ ਵਿਚ ਬਿਤਾਏ ਹਨ। ਉਸ ਵਿਰੁੱਧ ਲੱਗੇ ਦੋਸ਼



ਵਾਪਿਸ ਲੈਣ ਉਪਰੰਤ ਉਸ ਦੀ ਸਜਾ ਪਿਛਲੇ ਸਾਲ ਅਗਸਤ ਵਿੱਚ ਰੱਦ ਕਰ ਦਿੱਤੀ ਗਈ ਸੀ। ਜੱਜ ਦੇ ਨਿਰਨੇ ਬਾਅਦ ਵੀ ਸੁਬਰਾਮਨੀਅਮ ਇਮੀਗ੍ਰੇਸ਼ਨ ਐਂਡ ਕਸਟਮਜ ਇਨਫੋਰਸਮੈਂਟ ਦੀ ਹਿਰਾਸਤ ਵਿੱਚ ਹੈ। ਰਿਹਾਈ ਲਈ ਉਸ ਦੇ ਵਕੀਲ ਨੂੰ ਬਾਂਡ ਭਰਨਾ ਪਵੇਗਾ। ਵੇਦਮ ਨੇ ਜੱਜ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਆਪਣਾ ਨਵਾਂ ਜੀਵਨ ਸ਼ੁਰੂ ਕਰਨਾ ਚਹੁੰਦਾ ਹੈ।

## ਅਮਰੀਕਾ 'ਚ ਬਿਸ਼ਨੋਈ ਗੈਂਗ ਦੀ ਦਹਿਸ਼ਤ

# ਕੈਲੀਫੋਰਨੀਆ 'ਚ ਹਰਿਆਣਾ ਦੇ ਗੈਂਗਸਟਰ ਭਾਨੂ ਰਾਣਾ ਦਾ ਗੋਲੀਆਂ ਮਾਰ ਕੇ ਕਤਲ

ਸੈਕਰਾਮੈਂਟੋ : ਭਾਰਤ ਦੇ ਸਭ ਤੋਂ ਖ਼ਤਰਨਾਕ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਗੈਂਗ ਨੇ ਹੁਣ ਸੱਤ ਸਮੁੰਦਰ ਪਾਰ ਅਮਰੀਕਾ ਦੀ ਧਰਤੀ 'ਤੇ ਵੀ ਆਪਣੀ ਦਹਿਸ਼ਤ ਦਾ ਸਬੂਤ ਦਿੱਤਾ ਹੈ। ਅਮਰੀਕਾ ਦੇ ਕੈਲੀਫੋਰਨੀਆ ਸਟੇਟ ਵਿਚ ਹਰਿਆਣਾ ਦੇ ਰਹਿਣ ਵਾਲੇ ਗੈਂਗਸਟਰ ਭਾਨੂ ਰਾਣਾ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਹੈ। ਬਿਸ਼ਨੋਈ ਗੈਂਗ ਨੇ ਸੋਸ਼ਲ ਮੀਡੀਆ ਰਾਹੀਂ ਇਸ ਕਤਲ ਦੀ ਜ਼ਿੰਮੇਵਾਰੀ ਲਈ ਹੈ। ਜਾਣਕਾਰੀ ਅਨੁਸਾਰ ਭਾਨੂ ਰਾਣਾ ਕੈਲੀਫੋਰਨੀਆ ਵਿਚ ਲੁਕਿਆ ਹੋਇਆ ਸੀ, ਜਿੱਥੇ ਅਣਪਛਾਤੇ ਹਮਲਾਵਰਾਂ ਨੇ ਉਸ 'ਤੇ ਅੰਨ੍ਹੇਵਾਹ ਫਾਇਰਿੰਗ ਕਰ ਦਿੱਤੀ। ਇਸ ਹਮਲੇ ਵਿੱਚ ਭਾਨੂ ਰਾਣਾ ਦੀ ਮੌਕੇ 'ਤੇ ਹੀ ਮੌਤ ਹੋ ਗਈ। ਕਤਲ ਤੋਂ ਕੁਝ ਦੇਰ ਬਾਅਦ ਹੀ ਲਾਰੈਂਸ ਬਿਸ਼ਨੋਈ ਗੈਂਗ ਨਾਲ ਸਬੰਧਤ ਇੱਕ ਸੋਸ਼ਲ ਮੀਡੀਆ ਪੋਸਟ ਸਾਹਮਣੇ ਆਈ। ਫੇਸਬੁੱਕ ਪੋਸਟ ਵਿਚ ਗੈਂਗ ਨੇ ਦਾਅਵਾ ਕੀਤਾ ਕਿ ਭਾਨੂ ਰਾਣਾ ਉਨ੍ਹਾਂ ਦੇ ਵਿਰੋਧੀ ਬੰਬੀਹਾ ਗੈਂਗ ਦੀ ਮਦਦ ਕਰ ਰਿਹਾ ਸੀ ਅਤੇ ਉਨ੍ਹਾਂ ਦੇ ਰਾਹ ਵਿਚ ਰੋੜਾ ਬਣ ਰਿਹਾ ਸੀ, ਜਿਸ ਕਾਰਨ ਉਸ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਹੈ। ਪੋਸਟ ਵਿਚ ਚਿਤਾਵਨੀ ਵੀ ਦਿੱਤੀ ਗਈ ਹੈ ਕਿ: 'ਜੋ ਵੀ ਸਾਡੇ



ਖ਼ਿਲਾਫ਼ ਜਾਵੇਗਾ, ਉਸ ਦਾ ਹਾਲ ਇਹੀ ਹੋਵੇਗਾ।' ਭਾਨੂ ਰਾਣਾ ਹਰਿਆਣਾ ਦੇ ਕੈਥਲ ਜ਼ਿਲ੍ਹੇ ਦਾ ਰਹਿਣ ਵਾਲਾ ਸੀ। ਉਹ ਭਾਰਤ ਵਿਚ ਕਤਲ, ਫਿਰੌਤੀ ਅਤੇ ਹੋਰ ਕਈ ਅਪਰਾਧਿਕ ਮਾਮਲਿਆਂ ਵਿਚ ਲੋੜੀਂਦਾ ਸੀ। ਉਹ ਫਰਜ਼ੀ ਪਾਸਪੋਰਟ ਰਾਹੀਂ ਅਮਰੀਕਾ ਫਰਾਰ ਹੋ ਗਿਆ ਸੀ ਅਤੇ ਉੱਥੇ ਰਹਿ ਕੇ ਆਪਣੀਆਂ ਗਤੀਵਿਧੀਆਂ ਚਲਾ ਰਿਹਾ ਸੀ।

**ਕੌਮਾਂਤਰੀ ਜਾਂਚ ਏਜੰਸੀਆਂ ਹਰਕਤ ਵਿੱਚ** : ਇਹ ਵਾਰਦਾਤ ਅਜਿਹੇ ਸਮੇਂ ਵਾਪਰੀ ਹੈ, ਜਦੋਂ ਭਾਰਤ ਪਹਿਲਾਂ ਹੀ ਲਾਰੈਂਸ ਬਿਸ਼ਨੋਈ ਗੈਂਗ ਦੇ ਵਿਦੇਸ਼ੀ ਨੈੱਟਵਰਕ ਨੂੰ ਤੋੜਨ ਲਈ ਅਮਰੀਕੀ ਅਤੇ ਕੈਨੇਡੀਅਨ ਏਜੰਸੀਆਂ ਨਾਲ ਤਾਲਮੇਲ ਕਰ ਰਿਹਾ ਹੈ। ਕੈਲੀਫੋਰਨੀਆ ਪੁਲਿਸ ਅਤੇ ਅਮਰੀਕੀ ਜਾਂਚ ਏਜੰਸੀਆਂ ਹੁਣ ਇਸ ਗੱਲ ਦੀ ਜਾਂਚ ਕਰ ਰਹੀਆਂ ਹਨ ਕਿ ਭਾਰਤੀ ਗੈਂਗ ਨੇ ਅਮਰੀਕਾ ਦੀ ਧਰਤੀ 'ਤੇ ਸ਼ੂਟਰਾਂ ਦਾ ਪ੍ਰਬੰਧ ਕਿਵੇਂ ਕੀਤਾ।

# ਟਰੰਪ ਦਾ ਦੁਨੀਆ ਨੂੰ ਝਟਕਾ: ਦਵਾਈਆਂ 'ਤੇ ਲਗਾਇਆ 100 ਫੀਸਦੀ ਟੈਰਿਫ, ਧਾਤੂ ਡਿਊਟੀ 'ਚ ਵੀ ਕੀਤੀ ਸੋਧ

ਵਾਸ਼ਿੰਗਟਨ: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੋ ਮਹੱਤਵਪੂਰਨ ਕਾਰਜਕਾਰੀ ਆਦੇਸ਼ਾਂ 'ਤੇ ਹਸਤਾਖਰ ਕੀਤੇ। ਪਹਿਲੇ ਆਦੇਸ਼ ਅਨੁਸਾਰ, ਅਮਰੀਕਾ ਵਿੱਚ ਦਰਾਮਦ (Import) ਕੀਤੀਆਂ ਬ੍ਰਾਂਡ ਦਵਾਈਆਂ 'ਤੇ 100 ਫੀਸਦੀ ਟੈਰਿਫ ਲਗਾਇਆ ਜਾਵੇਗਾ। ਉੱਥੇ ਹੀ, ਦੂਜੇ ਆਦੇਸ਼ ਅਨੁਸਾਰ, ਟਰੰਪ ਨੇ ਸਟੀਲ, ਐਲੂਮੀਨੀਅਮ ਅਤੇ ਤਾਂਬੇ ਦੇ ਉਤਪਾਦਾਂ 'ਤੇ ਟੈਰਿਫ ਘਟਾ ਦਿੱਤਾ ਹੈ।

**ਭਾਰਤ 'ਤੇ ਲਾਗੂ ਹੋਵੇਗਾ ਇਹ ਟੈਰਿਫ** : ਬੀਤੇ ਦਿਨੀਂ ਨਵੇਂ ਢਾਂਚੇ ਦੇ ਤਹਿਤ, ਭਾਰਤ ਸਮੇਤ ਉਨ੍ਹਾਂ ਦੇਸ਼ਾਂ ਤੋਂ ਪੇਟੈਂਟ ਵਾਲੀਆਂ ਦਵਾਈਆਂ ਦੀ ਦਰਾਮਦ 'ਤੇ 100% ਟੈਰਿਫ ਲਾਗੂ ਹੋਵੇਗਾ, ਜਿਨ੍ਹਾਂ ਨੇ ਨਾ ਤਾਂ ਅਮਰੀਕੀ ਵਣਜ ਵਿਭਾਗ ਨਾਲ 'ਰੀਸ਼ੋਰਿੰਗ' (Reshoring) ਸਮਝੌਤਾ ਕੀਤਾ ਹੈ ਅਤੇ ਨਾ ਹੀ ਸਿਹਤ ਅਤੇ ਮਨੁੱਖੀ ਸੇਵਾਵਾਂ ਵਿਭਾਗ (HHS) ਨਾਲ 'ਮੋਸਟ ਫੇਵਰਡ ਨੇਸ਼ਨ' (MFN) ਕੀਮਤ ਨਿਰਧਾਰਨ ਸਮਝੌਤਾ ਕੀਤਾ ਹੈ। ਰੀਸ਼ੋਰਿੰਗ ਉਹ ਪ੍ਰਕਿਰਿਆ ਹੈ ਜਿਸ ਦੁਆਰਾ ਵਸਤੂਆਂ ਦਾ ਉਤਪਾਦਨ ਅਤੇ ਨਿਰਮਾਣ ਵਾਪਸ ਕੰਪਨੀ ਦੇ ਮੂਲ ਦੇਸ਼ ਵਿੱਚ ਕੀਤਾ ਜਾਂਦਾ ਹੈ।

ਵ੍ਹਾਈਟ ਹਾਊਸ ਦੇ ਇੱਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਇਹ ਉਪਾਅ ਜ਼ਰੂਰੀ ਦਵਾਈਆਂ ਲਈ ਵਿਦੇਸ਼ੀ ਦੇਸ਼ਾਂ 'ਤੇ ਅਮਰੀਕਾ ਦੀ ਨਿਰਭਰਤਾ ਨੂੰ ਘਟਾਉਣ ਲਈ ਬਣਾਇਆ ਗਿਆ ਹੈ।

**100 ਫੀਸਦੀ ਟੈਰਿਫ ਪੇਟੈਂਟ ਵਾਲੇ ਉਤਪਾਦਾਂ 'ਤੇ ਲਾਗੂ** : ਅਧਿਕਾਰੀ ਨੇ ਏਐਨਆਈ ਨੂੰ ਅੱਗੇ ਦੱਸਿਆ ਕਿ 100 ਫੀਸਦੀ ਟੈਰਿਫ ਪੇਟੈਂਟ ਵਾਲੇ ਉਤਪਾਦਾਂ 'ਤੇ ਲਾਗੂ ਹੈ। ਭਾਰਤ ਤੋਂ ਦਰਾਮਦ ਕੀਤੀ ਕੋਈ ਵੀ ਪੇਟੈਂਟ ਵਾਲੀ ਦਵਾਈ, ਜੋ ਉਨ੍ਹਾਂ ਕੰਪਨੀਆਂ ਦੁਆਰਾ ਬਣਾਈ ਗਈ ਹੋਵੇ ਜਿਨ੍ਹਾਂ ਨੂੰ ਰੀਸ਼ੋਰਿੰਗ ਯੋਜਨਾ ਲਈ ਮਨਜ਼ੂਰੀ ਨਹੀਂ ਮਿਲੀ ਹੈ, ਉਸ 'ਤੇ 100



ਫੀਸਦੀ ਟੈਰਿਫ ਲੱਗੇਗਾ। ਜੈਨੇਰਿਕ ਦਵਾਈਆਂ ਫਿਲਹਾਲ ਇਸ ਛੋਟ ਦੇ ਦਾਇਰੇ ਵਿੱਚ ਹਨ, ਹਾਲਾਂਕਿ ਅਧਿਕਾਰੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਜੈਨੇਰਿਕ ਦਵਾਈ ਉਦਯੋਗ ਤੇਜ਼ੀ ਨਾਲ ਉਤਪਾਦਨ ਨੂੰ ਵਾਪਸ ਸੰਯੁਕਤ ਰਾਜ ਅਮਰੀਕਾ ਵਿੱਚ ਤਬਦੀਲ ਨਹੀਂ ਕਰਦਾ ਤਾਂ ਇਹ ਸਥਿਤੀ ਬਦਲ ਸਕਦੀ ਹੈ।

**ਟਰੰਪ ਨੇ ਸਟੀਲ, ਐਲੂਮੀਨੀਅਮ ਅਤੇ ਤਾਂਬੇ ਦੇ ਉਤਪਾਦਾਂ 'ਤੇ ਟੈਰਿਫ ਘਟਾਇਆ** : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀਰਵਾਰ ਨੂੰ ਸਟੀਲ, ਐਲੂਮੀਨੀਅਮ ਅਤੇ ਤਾਂਬੇ ਦੀ ਦਰਾਮਦ 'ਤੇ ਰਾਸ਼ਟਰੀ ਸੁਰੱਖਿਆ ਡਿਊਟੀ ਵਿੱਚ ਬਦਲਾਅ ਕੀਤਾ। ਇਸਦਾ ਉਦੇਸ਼ ਇਨ੍ਹਾਂ ਧਾਤਾਂ ਤੋਂ ਬਣੇ ਉਤਪਾਦਾਂ 'ਤੇ ਡਿਊਟੀ ਦੀਆਂ ਦਰਾਂ ਵਿੱਚ ਕਟੌਤੀ ਕਰਨਾ, ਪਾਲਣਾ ਨੂੰ ਸਰਲ ਬਣਾਉਣਾ ਅਤੇ ਦਰਾਮਦ ਮੁੱਲਾਂ ਦੀ ਘੱਟ ਰਿਪੋਰਟਿੰਗ ਤੋਂ ਬਚਣਾ ਹੈ।

ਟਰੰਪ ਪ੍ਰਸ਼ਾਸਨ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਅਮਰੀਕਾ 1974 ਦੇ ਵਪਾਰ ਐਕਟ ਦੀ ਧਾਰਾ 232 ਦੇ ਤਹਿਤ ਸਟੀਲ, ਐਲੂਮੀਨੀਅਮ ਅਤੇ ਤਾਂਬੇ ਦੀ ਦਰਾਮਦ 'ਤੇ 50 ਫੀਸਦੀ ਦਰਾਮਦ ਡਿਊਟੀ ਬਰਕਰਾਰ ਰੱਖੇਗਾ, ਪਰ ਇਹ ਦਰ ਅਮਰੀਕੀ ਗਾਹਕਾਂ ਦੁਆਰਾ ਭੁਗਤਾਨ ਕੀਤੀਆਂ ਕੀਮਤਾਂ 'ਤੇ ਲਾਗੂ ਹੋਵੇਗੀ। ਇਹ ਤੁਰੰਤ ਸਪੱਸ਼ਟ ਨਹੀਂ ਕੀਤਾ ਗਿਆ ਕਿ ਵਿਕਰੀ ਮੁੱਲ ਅਤੇ ਨਤੀਜੇ ਵਜੋਂ ਟੈਰਿਫ ਕਿਵੇਂ ਨਿਰਧਾਰਤ ਕੀਤਾ ਜਾਵੇਗਾ। ਅਧਿਕਾਰੀ ਨੇ ਕਿਹਾ ਕਿ ਕੁਝ ਦਰਾਮਦਕਾਰਾਂ ਨੇ ਆਪਣੇ ਟੈਰਿਫ ਖਰਚਿਆਂ ਨੂੰ ਘਟਾਉਣ ਲਈ ਦਰਾਮਦ ਮੁੱਲਾਂ ਨੂੰ ਬਣਾਵਟੀ ਤੌਰ 'ਤੇ ਘਟਾ ਦਿੱਤਾ ਸੀ।

ਅਮਰੀਕਾ ਸਟੀਲ, ਐਲੂਮੀਨੀਅਮ ਅਤੇ ਤਾਂਬੇ ਤੋਂ ਬਣੇ ਉਤਪਾਦਾਂ 'ਤੇ ਪਹਿਲਾਂ ਲੱਗਣ ਵਾਲੀ 50 ਫੀਸਦੀ ਡਿਊਟੀ ਨੂੰ ਖ਼ਤਮ ਕਰ ਦੇਵੇਗਾ, ਬਸ਼ਰਤੇ ਉਤਪਾਦ ਵਿੱਚ ਇਨ੍ਹਾਂ ਧਾਤਾਂ ਦੀ ਮਾਤਰਾ ਭਾਰ ਦੇ ਹਿਸਾਬ ਨਾਲ 15 ਫੀਸਦੀ ਤੋਂ ਘੱਟ ਹੋਵੇ।

ਇਸ ਨਾਲ ਉਨ੍ਹਾਂ ਉਤਪਾਦਾਂ 'ਤੇ ਲੱਗਣ ਵਾਲੀ ਡਿਊਟੀ ਖ਼ਤਮ ਹੋ ਜਾਵੇਗੀ ਜਿਨ੍ਹਾਂ ਵਿੱਚ ਧਾਤਾਂ ਦੀ ਮਾਤਰਾ ਘੱਟ ਹੁੰਦੀ ਹੈ, ਜਿਵੇਂ- ਐਲੂਮੀਨੀਅਮ ਦੇ ਢੱਕਣ ਵਾਲੀ ਇਤਰ (Perfume) ਦੀ ਬੋਤਲ ਜਾਂ ਸਟੀਲ ਦੇ ਛੋਟੇ ਬਲੇਡ ਵਾਲਾ ਡੈਂਟਲ ਫਲੌਸ ਕੰਟੇਨਰ।

# ਨਸ਼ਿਆਂ ਵਿਰੁੱਧ ਜੰਗ

ਪੰਜਾਬ ਸਰਕਾਰ ਵਲੋਂ ਪਿਛਲੇ ਕਾਫੀ ਸਮੇਂ ਤੋਂ ਨਸ਼ਿਆਂ ਵਿਰੁੱਧ ਇਕ ਤਰ੍ਹਾਂ ਦੀ ਜੰਗ ਛੇੜੀ ਹੋਈ ਹੈ। ਇਸ ਸੰਬੰਧੀ ਪੁਲਿਸ ਵਿਭਾਗ ਨੂੰ ਵੀ ਸਖ਼ਤ ਹਿਦਾਇਤਾਂ ਦਿੱਤੀਆਂ ਗਈਆਂ ਹਨ ਅਤੇ ਉਸ ਨੂੰ ਪੂਰੀ ਤਰ੍ਹਾਂ ਚੌਕਸ ਰਹਿਣ ਲਈ ਵੀ ਕਿਹਾ ਗਿਆ ਹੈ। ਜੇਕਰ ਪਿਛਲੇ ਸਮੇਂ ਵਿਚ ਨਸ਼ਿਆਂ ਵਿਰੁੱਧ ਚੁੱਕੇ ਗਏ ਕਦਮਾਂ ਅਤੇ ਕੀਤੇ ਗਏ ਕੇਸਾਂ ਦਾ ਵੇਰਵਾ ਦੇਖਿਆ ਜਾਵੇ ਤਾਂ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ ਕਿ ਸਰਕਾਰ ਨਸ਼ਿਆਂ ਦੇ ਵਰਤਾਰੇ ਨੂੰ ਕੰਟਰੋਲ ਕਰਨ ਲਈ ਗੰਭੀਰਤਾ ਨਾਲ ਯਤਨ ਕਰ ਰਹੀ ਹੈ। ਪਿਛਲੇ ਕੁਝ ਸਾਲਾਂ ਵਿਚ ਇਸ ਦਿਸ਼ਾ ਵਿਚ ਸੈਂਕੜੇ ਨਹੀਂ, ਸਗੋਂ ਹਜ਼ਾਰਾਂ ਹੀ ਕੇਸ ਦਰਜ ਕੀਤੇ ਗਏ ਹਨ ਅਤੇ ਹਜ਼ਾਰਾਂ ਨਸ਼ਾ ਤਸਕਰਾਂ ਨੂੰ ਅਦਾਲਤਾਂ ਰਾਹੀਂ ਸਜ਼ਾਵਾਂ ਵੀ ਦਿੱਤੀਆਂ ਜਾ ਚੁੱਕੀਆਂ ਹਨ। ਪਿਛਲੇ ਸਾਲਾਂ ਵਿਚ ਨਾਰਕੋਟਿਕ ਡਰੱਗਜ਼ ਅਤੇ ਸਾਈਕੋਟ੍ਰਾਪਿਕ ਸਬਸਟੈਂਸਸ (ਐਨ.ਡੀ.ਪੀ.ਐਸ.) ਕਾਨੂੰਨ ਤਹਿਤ ਕੇਸ ਕੀਤੇ ਜਾ ਰਹੇ ਹਨ ਅਤੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿਵਾਉਣ ਦੀ ਗਿਣਤੀ ਵਿਚ ਵੀ ਵਾਧਾ ਹੋ ਰਿਹਾ ਹੈ। ਪਿਛਲੇ ਸਾਲਾਂ ਦੇ ਮਿਲੇ ਅੰਕੜੇ ਹੈਰਾਨ ਕਰਨ ਵਾਲੇ ਹਨ। ਇਸ ਸਮੇਂ ਦੌਰਾਨ 28,273 ਮਾਮਲੇ ਦਰਜ ਕੀਤੇ ਗਏ ਅਤੇ ਇਨ੍ਹਾਂ 'ਚੋਂ 23,846 ਦੋਸ਼ੀਆਂ ਨੂੰ ਸਜ਼ਾਵਾਂ ਦਿਵਾਈਆਂ ਗਈਆਂ ਹਨ। ਇਸ ਤਰ੍ਹਾਂ ਸਜ਼ਾਵਾਂ ਹੋਣ ਦੀ ਗਿਣਤੀ 80 ਫ਼ੀਸਦੀ ਤੋਂ ਵੀ ਵਧ ਜਾਂਦੀ ਹੈ। ਇਹ ਛੋਟੀ ਪ੍ਰਾਪਤੀ ਨਹੀਂ ਹੈ। ਪਰ ਦੂਜੇ ਪਾਸੇ ਜਿੱਥੇ ਪੁਲਿਸ ਵਲੋਂ ਲਗਾਤਾਰ ਹੈਰੋਇਨ ਦੀ ਖੇਪਾਂ ਫੜਨ ਦੀਆਂ ਖ਼ਬਰਾਂ ਮਿਲ ਰਹੀਆਂ ਹਨ, ਉੱਥੇ ਵੱਡੇ ਯਤਨਾਂ ਦੇ ਬਾਵਜੂਦ ਹਾਲੇ ਤੱਕ ਵੀ ਸਰਹੱਦ ਪਾਰੋਂ (ਡਰੋਨਾਂ ਰਾਹੀਂ) ਵੱਖ-ਵੱਖ ਤਰ੍ਹਾਂ ਦੇ ਮਾਰੂ ਨਸ਼ੇ ਇੱਧਰ ਪਹੁੰਚਾਉਣ ਦਾ ਸਿਲਸਿਲਾ ਜਾਰੀ ਹੈ, ਜਿਨ੍ਹਾਂ ਨੂੰ ਅੱਗੇ ਮੁਲਕ ਭਰ ਵਿਚ ਭੇਜਿਆ ਜਾਂਦਾ ਹੈ। ਇੱਥੋਂ ਤੱਕ ਕਿ ਹੁਣ ਸਰਕਾਰ ਨੇ ਸੂਬੇ ਵਿਚ ਨਸ਼ਿਆਂ ਸੰਬੰਧੀ ਸਰਵੇਖਣ ਕਰਵਾਉਣ ਦੀ ਯੋਜਨਾ ਵੀ ਬਣਾਈ ਹੈ, ਜਿਸ ਨੂੰ 3 ਮਹੀਨਿਆਂ ਵਿਚ ਪੂਰਾ ਕੀਤਾ ਜਾਏਗਾ। ਇਸ ਵਿਚ ਹਜ਼ਾਰਾਂ ਮੁਲਾਜ਼ਮਾਂ ਦੀ ਮਦਦ ਲਈ ਜਾ ਰਹੀ ਹੈ, ਇਸ ਲਈ 250 ਕਰੋੜ ਰੁਪਏ ਦਾ ਫੰਡ ਵੀ ਰਾਖਵਾਂ ਰੱਖ ਲਿਆ ਗਿਆ ਹੈ ਪਰ ਇਸ ਦੇ ਬਾਵਜੂਦ ਵੱਖ-ਵੱਖ ਜ਼ਿਲ੍ਹਿਆਂ ਵਿਚ ਲਗਾਤਾਰ ਨਸ਼ਿਆਂ ਕਾਰਨ ਨੌਜਵਾਨਾਂ ਦੀਆਂ ਮੌਤਾਂ ਹੋਣ ਦੀਆਂ ਖ਼ਬਰਾਂ ਮਿਲ ਰਹੀਆਂ ਹਨ। ਇਸ ਵਰਤਾਰੇ ਦੇ ਸਿਹਤ ਉੱਪਰ ਪੈਣ ਵਾਲੇ ਪ੍ਰਭਾਵ ਤਾਂ ਪ੍ਰਤੱਖ ਹਨ ਪਰ ਅੱਜ ਬਹੁਤੇ ਪਰਿਵਾਰਾਂ ਵਿਚ ਇਸ ਕਾਰਨ ਤਣਾਅ ਅਤੇ ਵਖਰੇਵੇਂ ਵੀ ਵਧਣ ਲੱਗੇ ਹਨ। ਇਸ ਸੰਬੰਧੀ ਥਾਣਿਆਂ ਅਤੇ ਹੋਰ ਸਮਾਜਿਕ ਸੰਗਠਨਾਂ ਨੂੰ ਲਗਾਤਾਰ ਸ਼ਿਕਾਇਤਾਂ ਮਿਲਦੀਆਂ ਰਹਿੰਦੀਆਂ ਹਨ, ਜਿਨ੍ਹਾਂ ਵਿਚ ਮਾਪੇ, ਪਤਨੀਆਂ ਅਤੇ ਹੋਰ ਪਰਿਵਾਰਕ ਮੈਂਬਰਾਂ ਦੀਆਂ ਆਪਣੇ ਪਰਿਵਾਰ ਦੇ ਨਸ਼ੇੜੀਆਂ ਸੰਬੰਧੀ ਸ਼ਿਕਾਇਤਾਂ ਸ਼ਾਮਿਲ ਹੁੰਦੀਆਂ ਹਨ। ਅੱਜ ਅਨੇਕਾਂ ਅਨੇਕ ਪਰਿਵਾਰਾਂ ਵਿਚ ਹੁੰਦੇ ਲੜਾਈ ਝਗੜਿਆਂ ਦਾ ਵੱਡਾ ਕਾਰਨ ਵੀ ਨਸ਼ਿਆਂ ਦਾ ਵਰਤਾਰਾ ਹੈ। ਚਾਹੇ ਇਸ ਲਈ ਪ੍ਰਸ਼ਾਸਨ ਵਲੋਂ ਕਾਉਂਸਲਿੰਗ ਕਰਨ ਵਾਲੇ ਮਾਹਿਰਾਂ ਦੀ ਮਦਦ ਲਈ ਜਾ ਰਹੀ ਹੈ। ਨਸ਼ਾ ਮੁਕਤੀ ਕੇਂਦਰਾਂ ਨੂੰ ਹੋਰ ਚੁਸਤ-ਦਰੁਸਤ ਬਣਾਇਆ ਜਾ ਰਿਹਾ ਹੈ। ਕਾਨੂੰਨ ਦੀ ਸਖ਼ਤੀ ਵੀ ਵਰਤੀ ਜਾ ਰਹੀ ਹੈ ਅਤੇ ਲੋਕਾਂ ਨੂੰ ਜਾਗਰੂਕ ਕਰਨ ਲਈ ਪ੍ਰਸ਼ਾਸਨ ਤੋਂ ਬਗੈਰ ਵੱਖ-ਵੱਖ ਸੰਸਥਾਵਾਂ ਵਲੋਂ ਵੀ ਯਤਨ ਸ਼ੁਰੂ ਕੀਤੇ ਗਏ ਹਨ, ਪਰ ਅਜਿਹੇ ਸਭ ਕੁਝ ਦੇ ਬਾਵਜੂਦ ਲਗਾਤਾਰ ਮਿਲ ਰਹੀਆਂ ਖ਼ਬਰਾਂ ਅਨੁਸਾਰ ਹਾਲੇ ਬਹੁਤ ਕੁਝ ਅਜਿਹਾ ਕੀਤੇ ਜਾਣ ਦੀ ਜ਼ਰੂਰਤ ਬਣੀ ਹੋਈ ਹੈ, ਜੋ ਇਸ ਵਰਤਾਰੇ ਨਾਲ ਉੱਠੇ ਸੰਤਾਪ 'ਚੋਂ ਵੱਡੀ ਗਿਣਤੀ ਵਿਚ ਪ੍ਰਭਾਵਿਤ ਪਰਿਵਾਰਾਂ ਅਤੇ ਲੋਕਾਂ ਨੂੰ ਕੱਢ ਸਕਣ ਦੇ ਸਮਰੱਥ ਹੋ ਸਕੇ।

ਅਨੇਕਾਂ ਅਨੇਕ ਮਿਲ ਰਹੀਆਂ ਖ਼ਬਰਾਂ 'ਚੋਂ ਦੋ ਦਾ ਇਥੇ ਜ਼ਿਕਰ ਕਰਨਾ ਚਾਹਾਂਗੇ। ਪਹਿਲੀ ਇਹ ਕਿ ਮਾਨਸਾ ਜ਼ਿਲ੍ਹੇ ਦੇ ਇਕ ਪਿੰਡ ਵਿਚ ਇਕ ਨੌਜਵਾਨ ਦੀ ਮੌਤ ਤੋਂ ਬਾਅਦ ਪਿੰਡ ਦੀ ਸਰਪੰਚ ਹਰਕਤ ਵਿਚ ਆਈ ਹੈ। ਉਸ ਨੇ ਸਖ਼ਤ ਕਦਮ ਉਠਾਉਂਦਿਆਂ ਪਿੰਡ ਦੇ ਹੀ ਦੋਸ਼ੀ ਪਰਿਵਾਰ ਨੂੰ ਉੱਥੋਂ ਕੱਢਣ ਦਾ ਫ਼ੈਸਲਾ ਕੀਤਾ ਹੈ। ਪੁਲਿਸ ਵਲੋਂ ਇਸ ਪਰਿਵਾਰ ਦੇ ਮੈਂਬਰਾਂ ਖ਼ਿਲਾਫ਼ ਕੇਸ ਦਰਜ ਕੀਤੇ ਗਏ ਹਨ। ਇਸੇ ਸੰਬੰਧੀ ਮਿਲੀ ਇਕ ਸੂਚਨਾ ਅਨੁਸਾਰ ਇਸ ਪਰਿਵਾਰ 'ਤੇ ਪਹਿਲਾਂ ਵੀ 40 ਮਾਮਲੇ ਦਰਜ ਹੋ ਚੁੱਕੇ ਹਨ। ਪਿੰਡਾਂ ਵਿਚ ਨਸ਼ਿਆਂ ਦੇ ਵਧਦੇ ਵਰਤਾਰੇ ਨੂੰ ਦੇਖਦਿਆਂ ਪ੍ਰਤੀਕਰਮ ਵਜੋਂ ਹਜ਼ਾਰਾਂ ਹੀ ਪਿੰਡਾਂ ਨੇ ਖ਼ੁਦ ਨੂੰ ਨਸ਼ਾਮੁਕਤ ਹੋਣ ਦਾ ਵੀ ਐਲਾਨ ਕੀਤਾ ਹੈ ਅਤੇ ਸਰਕਾਰ ਦੀ ਮਦਦ ਨਾਲ ਪਿੰਡਾਂ ਵਿਚ ਪਹਿਰੇਦਾਰ ਵੀ ਨਿਯੁਕਤ ਕੀਤੇ ਗਏ ਹਨ। ਦੂਸਰੀ ਇਕ ਹੋਰ ਬੜੀ ਹੀ ਦਰਦਨਾਕ ਘਟਨਾ ਸਾਹਮਣੇ ਆਈ ਹੈ। ਪਿਛਲੇ ਦਿਨੀਂ ਜ਼ਿਲ੍ਹਾ ਕਪੂਰਥਲਾ ਦੇ ਇਕ ਪਿੰਡ ਵਿਚ ਇਕ ਬੇਹੱਦ ਦੁਖਿਆਰੀ ਮਾਂ ਨੇ ਇਹ ਦੋਸ਼ ਲਗਾਇਆ ਕਿ ਨਸ਼ਾ ਉਸ ਦੇ ਘਰ ਤੋਂ ਮਹਿਜ਼ ਕੁਝ ਕਦਮਾਂ 'ਤੇ ਹੀ ਮਿਲ ਰਿਹਾ ਹੈ ਅਤੇ ਹਰ ਦਿਨ ਇਲਾਕੇ ਵਿਚ ਨਸ਼ਾ ਵੇਚਿਆ ਜਾ ਰਿਹਾ ਹੈ। ਇਸ ਮਾਂ ਨਾਲ ਬੇਹੱਦ ਦਰਦ ਦੇਣ ਵਾਲਾ ਦੁਖਾਂਤ ਵਾਪਰਿਆ ਹੈ, ਜਿਸ ਨੇ ਨਸ਼ਿਆਂ ਦੀ ਲੱਤ ਕਾਰਨ ਆਪਣੇ 4 ਪੁੱਤਰ ਗਵਾ ਦਿੱਤੇ ਹਨ ਅਤੇ ਪੰਜਵਾਂ ਇਸੇ ਕਰਕੇ ਮੰਜੇ 'ਤੇ ਪਿਆ ਆਪਣੇ ਅੰਤ ਦੀ ਉਡੀਕ ਕਰ ਰਿਹਾ ਹੈ। ਇਸੇ ਹੀ ਪਿੰਡ ਦੀਆਂ ਕੁੱਝ ਹੋਰ ਔਰਤਾਂ ਨੇ ਵੀ ਆਪਣੇ ਪੁੱਤਰ ਗੁਆਉਣ ਬਾਰੇ ਦੱਸਿਆ ਹੈ। ਇਹ ਵੀ ਕਿ ਅਜਿਹੀਆਂ ਘਟਨਾਵਾਂ ਨੇ ਸਮਾਜਿਕ ਵਰਤਾਰੇ ਨੂੰ ਬਦਲ ਕੇ ਰੱਖ ਦਿੱਤਾ ਹੈ। ਬਹੁਤੀਆਂ ਔਰਤਾਂ ਇਸੇ ਕਾਰਨ ਆਪਣੇ ਪਰਿਵਾਰ ਛੱਡ ਗਈਆਂ ਹਨ।

ਇਸ ਸੰਬੰਧੀ ਸੰਬੰਧਿਤ ਪੁਲਿਸ ਅਫ਼ਸਰ ਨੇ ਦੱਸਿਆ ਕਿ ਪੁਲਿਸ ਲਗਾਤਾਰ ਇਨ੍ਹਾਂ ਪ੍ਰਭਾਵਿਤ ਲੋਕਾਂ ਦੇ ਸੰਪਰਕ ਵਿਚ ਰਹਿ ਕੇ ਉਨ੍ਹਾਂ ਦੀ ਮਦਦ ਕਰਨ ਦਾ ਯਤਨ ਕਰ ਰਹੀ ਹੈ। ਇਸੇ ਕਰਕੇ ਕਈ ਵਿਅਕਤੀਆਂ ਦੇ ਖ਼ਿਲਾਫ਼ ਕੇਸ ਵੀ ਦਰਜ ਕੀਤੇ ਗਏ ਹਨ ਅਤੇ ਉਨ੍ਹਾਂ ਨੂੰ ਅਦਾਲਤਾਂ ਰਾਹੀਂ ਸਖ਼ਤ ਸਜ਼ਾਵਾਂ ਦੁਆਉਣ ਦੇ ਵੀ ਯਤਨ ਕੀਤੇ ਜਾ ਰਹੇ ਹਨ। ਅਸੀਂ ਪ੍ਰਸ਼ਾਸਨ ਵਲੋਂ ਚੁੱਕੇ ਜਾ ਰਹੇ ਕਦਮਾਂ ਦੀ ਪ੍ਰਸ਼ੰਸਾ ਕਰਦੇ ਹਾਂ ਪਰ ਇਸ ਦੇ ਨਾਲ ਹੀ ਸਮੁੱਚੇ ਸਮਾਜ ਨੂੰ ਵੀ ਸੁਚੇਤ ਅਤੇ ਦ੍ਰਿੜ੍ਹ ਹੋਣ ਦੀ ਜ਼ਰੂਰਤ ਹੋਵੇਗੀ, ਜੋ ਇਸ ਨੂੰ ਰੋਕਣ ਲਈ ਪ੍ਰਸ਼ਾਸਨ ਦੀ ਪੂਰੀ ਮਦਦ ਕਰੇ। ਵਧਦੇ ਇਸ ਦੁਖਾਂਤ ਦੇ ਨਾਲ-ਨਾਲ ਇਸ ਨੂੰ ਠੱਲ੍ਹ ਪਾਉਣ ਲਈ ਪ੍ਰਸ਼ਾਸਨ ਅਤੇ ਸਮਾਜਿਕ ਸੰਗਠਨਾਂ ਵਲੋਂ ਲਗਾਤਾਰ ਦ੍ਰਿੜ੍ਹਤਾ ਭਰੇ ਸਖ਼ਤ ਕਦਮ ਉਠਾਏ ਜਾਣੇ ਜ਼ਰੂਰ ਹਨ, ਜੋ ਇਨ੍ਹਾਂ ਨਾਂਹ ਪੱਖੀ ਅਮਲਾਂ ਨੂੰ ਘਟਾ ਕੇ ਇਕ ਸਿਹਤਮੰਦ ਸਮਾਜ ਸਿਰਜਣ ਦੇ ਸਮਰੱਥ ਹੋ ਸਕਣ।

# ਪੰਜਾਬ ਦੀ ਕਿਸਾਨੀ ਨੂੰ ਦਰਪੇਸ਼ ਸੰਕਟ



ਪੰਜਾਬ ਇਸ ਸਮੇਂ ਜਿੱਥੇ ਪਾਣੀ, ਪ੍ਰਦੂਸ਼ਣ ਅਤੇ ਹੋਰ ਕਈ ਸਮੱਸਿਆਵਾਂ ਨਾਲ ਜੂਝ ਰਿਹਾ ਹੈ, ਉੱਥੇ ਦੂਜੇ ਪਾਸੇ ਪੰਜਾਬ ਦਾ ਕਿਸਾਨ ਆਪਣੀਆਂ ਫ਼ਸਲਾਂ ਨੂੰ ਲੈ ਕੇ ਕਾਫ਼ੀ ਚਿੰਤਤ ਦਿਖਾਈ ਦੇ ਰਿਹਾ ਹੈ। ਜਿੱਥੇ ਕਿਸਾਨਾਂ ਨੂੰ ਕੁਝ ਸਮਾਂ ਪਹਿਲਾਂ ਹੜ੍ਹਾਂ ਦੀ ਮਾਰ ਪਈ, ਉੱਥੇ ਹੀ ਦੂਜੇ ਪਾਸੇ ਹੁਣ ਪੰਜਾਬ ਦੇ ਅੰਦਰ ਕਿਸਾਨਾਂ ਨੂੰ ਅਜਿਹੀ ਮਾਰ ਪੈਣੀ ਸ਼ੁਰੂ ਹੋ ਗਈ ਹੈ, ਜਿਸ ਬਾਰੇ ਕਦੇ ਕਿਸੇ ਨੇ ਸੋਚਿਆ ਵੀ ਨਹੀਂ ਸੀ। ਭਾਵੇਂ ਇਸ ਤੋਂ ਪਹਿਲਾਂ ਵੀ ਕਿਸਾਨ ਫ਼ਸਲਾਂ ਦੇ ਸਹੀ ਭਾਅ ਨਾ ਮਿਲਣ ਕਾਰਨ ਉਨ੍ਹਾਂ ਨੂੰ ਵਾਹੁਣ ਲਈ ਮਜਬੂਰ ਸਨ, ਪਰ ਅਜੋਕੇ ਸਮੇਂ ਜਦੋਂ ਕੇਂਦਰ ਅਤੇ ਸੂਬਾਈ ਸਰਕਾਰਾਂ ਇਹ ਕਹਿੰਦੀਆਂ ਨਹੀਂ ਥੱਕਦੀਆਂ ਕਿ ਕਿਸਾਨਾਂ ਦੀ ਆਮਦਨ ਦੁੱਗਣੀ ਕਰ ਕੇ ਸਾਹ ਲਵਾਂਗੇ, ਉਸ ਸਮੇਂ ਪੰਜਾਬ ਦੇ ਕਈ ਕਿਸਾਨ ਖ਼ੁਦਕੁਸ਼ੀਆਂ ਕਰਨ ਲਈ ਮਜਬੂਰ ਹਨ ਅਤੇ ਕਈ ਸੂਰਤਾਂ ਵਿੱਚ ਚੰਗੇ ਭਾਅ ਨਾ ਮਿਲਣ ਕਾਰਨ ਆਪਣੀਆਂ ਫ਼ਸਲਾਂ ਨੂੰ ਜ਼ਮੀਨ ਵਿੱਚ ਹੀ ਵਾਹੁਣ ਲਈ ਮਜਬੂਰ ਹੋ ਜਾਂਦੇ ਹਨ।

ਪੰਜਾਬ ਵਿੱਚ ਆਲੂਆਂ ਦੀ ਖੇਤੀ ਇਸ ਵੇਲੇ ਡੂੰਘੇ ਸੰਕਟ ਨਾਲ ਜੂਝ ਰਹੀ ਹੈ ਕਿਉਂਕਿ ਸੂਬੇ ਵਿੱਚ ਵੱਡੇ ਪੱਧਰ 'ਤੇ ਆਰਥਿਕ ਸੰਕਟ ਕਾਰਨ ਆਲੂ ਉਤਪਾਦਕਾਂ ਨੂੰ 50,000 ਰੁਪਏ ਪ੍ਰਤੀ ਏਕੜ ਦਾ ਨੁਕਸਾਨ ਹੋ ਰਿਹਾ ਹੈ। ਜੇਕਰ ਆਲੂ ਕਾਸ਼ਤਕਾਰਾਂ ਦੀ ਮੰਨੀਏ ਤਾਂ ਉਨ੍ਹਾਂ ਦਾ ਕਹਿਣਾ ਹੈ ਕਿ ਸਰਕਾਰ ਆਲੂਆਂ ਦਾ ਘੱਟੋ-ਘੱਟ ਸਮਰਥਨ ਮੁੱਲ 20 ਰੁਪਏ ਪ੍ਰਤੀ ਕਿਲੋ ਤੈਅ ਕਰੇ ਤੇ ਸਰਕਾਰੀ ਖ਼ਰੀਦ ਦੀ ਗਾਰੰਟੀ ਦੇਵੇ। ਪਿਛਲੇ ਕਈ ਸਾਲਾਂ ਤੋਂ ਆਲੂ ਦੇ ਭਾਅ 'ਚ ਆਈ ਭਾਰੀ ਗਿਰਾਵਟ ਨੇ ਕਿਸਾਨਾਂ ਦਾ ਲੱਕ ਹੀ ਤੋੜ ਕੇ ਰੱਖ ਦਿੱਤਾ ਹੈ। ਪਹਿਲਾਂ ਹੀ ਆਰਥਿਕ ਮੰਦੀ ਦਾ ਸ਼ਿਕਾਰ ਹੋਏ ਕਿਸਾਨਾਂ ਲਈ ਆਲੂਆਂ ਦੀ ਫ਼ਸਲ ਘਾਟੇ ਦਾ ਸੌਦਾ ਸਾਬਿਤ ਹੋ ਰਹੀ ਹੈ। ਓਦਾਂ, ਆਲੂਆਂ ਦੀ ਕਾਸ਼ਤ ਸਮੇਂ ਸਿੱਧੇ ਤੌਰ 'ਤੇ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਰੁਜ਼ਗਾਰ ਮਿਲਦਾ ਹੈ, ਪਰ ਆਲੂਆਂ ਦੀ ਫ਼ਸਲ ਬਾਰੇ ਕੋਈ ਠੋਸ ਸਰਕਾਰੀ ਨੀਤੀ ਨਾ ਹੋਣ ਕਾਰਨ ਇਹ ਫ਼ਸਲ ਬੇਹੱਦ ਮੰਦੀ ਦਾ ਸ਼ਿਕਾਰ ਹੋ ਰਹੀ ਹੈ।

ਸਰਕਾਰ ਵੱਲੋਂ ਕਣਕ ਤੇ ਝੋਨੇ ਦੀ ਰਵਾਇਤੀ ਫ਼ਸਲੀ ਚੱਕਰ ਤੋਂ ਬਾਹਰ ਨਿਕਲਣ ਦਾ ਹੋਕਾ ਤਾਂ ਦਿੱਤਾ ਜਾਂਦਾ ਹੈ, ਪਰ ਇਸ ਨੂੰ ਅਮਲੀ ਰੂਪ ਦੇਣ ਲਈ ਸਰਕਾਰ ਨੂੰ ਕਿਸਾਨ ਪੱਖੀ ਨੀਤੀਆਂ ਬਣਾਉਣ ਦੀ ਲੋੜ ਹੈ। ਕੇਂਦਰ ਸਰਕਾਰ ਵੱਲੋਂ ਵੀ ਕੋਈ ਮਦਦ ਨਾ ਮਿਲਣ ਕਾਰਨ ਪਹਿਲਾਂ ਹੀ ਕਰਜ਼ੇ ਦੀ ਮਾਰ ਹੇਠਾਂ ਆਇਆ ਕਿਸਾਨ ਲਗਾਤਾਰ ਬਰਬਾਦੀ ਵੱਲ ਵਧ ਰਿਹਾ ਹੈ। ਕਈ ਕਿਸਾਨਾਂ ਨੇ ਠੇਕੇ 'ਤੇ ਜ਼ਮੀਨ ਲੈ ਕੇ ਆਲੂਆਂ ਦੀ ਫ਼ਸਲ ਦੀ ਬਿਜਾਈ ਕੀਤੀ ਸੀ, ਉਨ੍ਹਾਂ ਨੂੰ ਆਮਦਨ ਦੀ ਆਸ ਤਾਂ ਕੀ ਹੋਣੀ ਸੀ, ਹੁਣ ਤਾਂ ਜ਼ਮੀਨ ਦਾ ਠੇਕਾ ਵੀ ਨਹੀਂ ਨਿਕਲਣ ਦੀ ਉਮੀਦ ਨਹੀਂ ਹੈ। ਆਲੂਆਂ ਦੀ ਬਿਜਾਈ ਤੋਂ ਪੁਟਾਈ ਤੱਕ ਵੱਡੀ ਗਿਣਤੀ ਮਜ਼ਦੂਰਾਂ ਦੀ ਲੋੜ ਹੁੰਦੀ ਹੈ ਅਤੇ ਉਤਪਾਦਕ ਨੂੰ ਕਾਫ਼ੀ ਖ਼ਰਚ ਸਹਿਣਾ ਪੈਂਦਾ ਹੈ। ਆਲੂ ਪੰਜਾਬ ਦੀ ਪ੍ਰਮੁੱਖ ਫ਼ਸਲ ਹੈ, ਇਹ ਫ਼ਸਲ ਪਿਛਲੇ ਸਾਲ ਵੀ ਰੁਲੀ ਸੀ ਤੇ ਇਸ ਵਾਰ ਵੀ 3 ਤੋਂ 4 ਰੁਪਏ ਪ੍ਰਤੀ ਕਿਲੋ ਵਿਕ ਰਹੇ ਹਨ।

ਤਾਜ਼ਾ ਜਾਣਕਾਰੀ ਮੁਤਾਬਿਕ ਇਸ ਸਮੇਂ ਆਲੂ ਦਾ ਭਾਅ 350 ਤੋਂ 400 ਰੁਪਏ ਕੁਇੰਟਲ ਦੇ ਵਿਚਕਾਰ ਹੈ, ਪਰ ਦੂਜੇ ਪਾਸੇ ਇਹੀ ਆਲੂ ਬਾਜ਼ਾਰ ਵਿੱਚ 40 ਤੋਂ 50 ਰੁਪਏ ਪ੍ਰਤੀ ਕਿਲੋ ਵਿਕ ਰਹੇ ਹਨ। ਆਲੂ ਦੀ ਫ਼ਸਲ ਪਾਲਣ ਉੱਪਰ ਕਿਸਾਨਾਂ ਦੇ ਚੋਖੇ ਖ਼ਰਚੇ ਹੋ ਰਹੇ ਨੇ, ਪਰ ਕਿਸਾਨ ਨੂੰ ਬਚ ਕੀ ਰਿਹਾ ਹੈ? ਇਹ ਫ਼ਸਲ ਪਾਲਣ 'ਤੇ ਜ਼ਮੀਨ ਦੇ ਠੇਕੇ ਸਮੇਤ ਘੱਟੋ ਘੱਟ 80 ਤੋਂ 90 ਹਜ਼ਾਰ ਰੁਪਏ ਪ੍ਰਤੀ ਏਕੜ ਖਰਚਾ ਆ ਰਿਹਾ ਹੈ, ਪਰ ਕਿਸਾਨ ਨੂੰ ਸਿੱਧਾ ਨੁਕਸਾਨ 40 ਤੋਂ 50 ਹਜ਼ਾਰ ਦੇ ਵਿਚਕਾਰ ਹੋ ਰਿਹਾ ਹੈ। ਇਸ ਦਾ ਵੱਡਾ ਕਾਰਨ ਇਹ ਹੈ ਕਿ ਫ਼ਸਲਾਂ ਦਾ ਚੰਗਾ ਭਾਅ ਨਾ ਮਿਲਣਾ।

ਇੱਕ ਸਰਕਾਰੀ ਰਿਪੋਰਟ ਮੁਤਾਬਿਕ ਪੰਜਾਬ ਅੰਦਰ ਲਗਪਗ 3 ਲੱਖ ਏਕੜ ਜ਼ਮੀਨ ਉੱਪਰ ਆਲੂਆਂ ਦੀ ਕਾਸ਼ਤ ਕੀਤੀ ਗਈ ਹੈ, ਜਿਸ ਨਾਲ ਕਿਸਾਨਾਂ ਦਾ ਇਸ ਉੱਤੇ ਸਿੱਧੇ ਤੌਰ 'ਤੇ ਕਰੀਬ 1500 ਕਰੋੜ ਰੁਪਏ ਦਾ ਨੁਕਸਾਨ ਹੋਣਾ ਤੈਅ ਹੈ। ਫਿਰ ਵੀ ਇਸ ਵੱਡੀ ਮਾਰ 'ਤੇ ਨਾ ਤਾਂ ਸੱਤਾ ਧਿਰ ਅਤੇ ਨਾ ਹੀ ਵਿਰੋਧੀ ਧਿਰਾਂ ਬੋਲ ਰਹੀਆਂ ਹਨ। ਕੇਂਦਰ ਸਰਕਾਰ ਵੱਲੋਂ ਵੀ ਕਿਸਾਨਾਂ ਦੀ ਇਸ ਸਮੱਸਿਆ ਵੱਲ ਧਿਆਨ ਨਹੀਂ ਦਿੱਤਾ ਜਾ ਰਿਹਾ। ਕਿਸਾਨਾਂ ਨੂੰ ਹਮੇਸ਼ਾ ਹੀ ਗ਼ ?ਲਾ ਰਿਹਾ ਹੈ ਕਿ ਸੱਤਾ ਧਿਰ ਹੋਵੇ ਜਾਂ ਫਿਰ ਵਿਰੋਧੀ ਧਿਰ, ਉਨ੍ਹਾਂ ਵੱਲੋਂ ਕਿਸਾਨਾਂ ਦੀਆਂ ਮੰਗਾਂ ਨੂੰ ਸਹੀ ਤਰੀਕੇ ਦੇ ਨਾਲ ਸੰਸਦ ਵਿੱਚ ਰੱਖਿਆ ਹੀ ਨਹੀਂ ਜਾਂਦਾ। ਇੱਕ ਦੋ ਸੰਸਦ ਮੈਂਬਰ ਹੀ ਕਿਸਾਨਾਂ ਦੀਆਂ ਮੰਗਾਂ ਨੂੰ ਲੋਕ ਸਭਾ ਤੇ ਰਾਜ ਸਭਾ ਵਿੱਚ ਉਠਾਉਂਦੇ ਨੇ, ਪਰ ਬਹੁਤੇ ਸੰਸਦ ਮੈਂਬਰ ਜਿਨ੍ਹਾਂ ਨੂੰ ਕਿਸਾਨਾਂ ਨੇ ਹੀ ਵੋਟਾਂ ਪਾ ਕੇ ਚੁਣਿਆ ਹੁੰਦਾ ਹੈ, ਕਿਸਾਨਾਂ ਦੀ ਗੱਲ ਹੀ ਨਹੀਂ ਕਰਦੇ।

ਕਿਸਾਨਾਂ ਮੁਤਾਬਿਕ ਪ੍ਰਾਈਵੇਟ ਕੰਪਨੀਆਂ ਵੱਲੋਂ ਕਿਸਾਨਾਂ ਨਾਲ ਧੋਖਾ ਕੀਤਾ ਜਾ ਰਿਹਾ ਹੈ। ਉਨ੍ਹਾਂ ਦੀਆਂ ਫ਼ਸਲਾਂ ਨੂੰ ਸਸਤੇ ਭਾਅ 'ਤੇ ਖ਼ਰੀਦਿਆ ਜਾ ਰਿਹਾ ਹੈ ਅਤੇ ਗੁਣਵੱਤਾ ਦੇ ਨਾਂ 'ਤੇ ਗ਼ਲਤ ਤਰੀਕੇ ਨਾਲ ਵੱਡੇ ਕੱਟ ਲਾਏ ਜਾ ਰਹੇ ਹਨ, ਜਿਸ ਕਾਰਨ ਕਿਸਾਨਾਂ ਦਾ ਭਾਰੀ ਨੁਕਸਾਨ ਹੋ ਰਿਹਾ ਹੈ। ਜਿਸ ਆਲੂਆਂ ਦੀ ਬੋਰੀ ਦੀ ਕੀਮਤ ਚੰਡੀਗੜ੍ਹ ਵਰਗੇ ਸ਼ਹਿਰ ਵਿੱਚ ਢਾਈ ਹਜ਼ਾਰ ਰੁਪਏ ਹੈ, ਉਸ ਬੋਰੀ ਨੂੰ ਪਿੰਡਾਂ ਵਿੱਚੋਂ 200 ਤੋਂ 250 ਰੁਪਏ ਦੇ ਵਿਚਕਾਰ ਹੀ ਖ਼ਰੀਦਿਆ ਜਾ ਰਿਹਾ ਹੈ। ਕਈ ਠੇਕੇਦਾਰ ਕਿਸਾਨਾਂ ਦੇ ਖੇਤਾਂ ਵਿੱਚੋਂ ਆ ਕੇ ਹੀ ਉਨ੍ਹਾਂ ਦਾ ਮਾਲ ਖ਼ਰੀਦ ਰਹੇ ਹਨ, ਪਰ ਉਨ੍ਹਾਂ ਨੂੰ ਵਾਜਬ ਮੁੱਲ ਨਹੀਂ ਦਿੰਦੇ, ਜਿਸ ਕਾਰਨ ਉਨ੍ਹਾਂ ਦਾ ਨੁਕਸਾਨ ਹੋ ਰਿਹਾ ਹੈ। ਜੇਕਰ ਕਿਸਾਨ ਆਪਣੀ ਫ਼ਸਲ ਨੂੰ ਮੰਡੀਆਂ ਵਿੱਚ ਵੀ ਲੈ ਕੇ ਜਾਂਦੇ ਹਨ ਤਾਂ ਉੱਥੇ ਵੀ ਉਨ੍ਹਾਂ ਨੂੰ ਚੰਗਾ ਭਾਅ ਨਹੀਂ ਮਿਲਦਾ। ਸਿੱਧੇ ਸ਼ਬਦਾਂ ਵਿੱਚ ਕਹੀਏ ਤਾਂ ਕਿਸਾਨਾਂ ਨੂੰ ਉਨ੍ਹਾਂ ਦੀ ਫ਼ਸਲ ਦਾ ਸਹੀ ਭਾਅ ਨਹੀਂ ਮਿਲ ਰਿਹਾ। ਕਿਸਾਨ ਜਿੱਥੇ ਕੁਦਰਤੀ ਮਾਰਾਂ ਝੱਲ ਰਹੇ ਨੇ, ਉੱਥੇ ਹੀ ਦੂਜੇ ਪਾਸੇ ਸਰਕਾਰਾਂ ਵੀ ਉਨ੍ਹਾਂ ਦੇ ਪੱਖ ਵਿੱਚ ਨਹੀਂ ਭੁਗਤ ਰਹੀਆਂ।

ਬਹੁਤਿਆਂ ਵੱਲੋਂ ਇਹ ਤਰਕ ਵੀ ਦਿੱਤਾ ਜਾਂਦਾ ਹੈ ਕਿ ਕਿਸਾਨ ਆਪਣੀ ਫ਼ਸਲ ਨੂੰ ਖ਼ੁਦ ਕਿਉਂ ਨਹੀਂ ਰੇਹੜੀਆਂ ਜਾਂ ਫਿਰ ਮੰਡੀਆਂ ਵਿੱਚ ਵੇਚਦਾ? ਇਸ ਨਾਲ ਕਿਸਾਨ ਨੂੰ ਵੀ ਮੁਨਾਫ਼ਾ ਹੋਵੇਗਾ, ਪਰ ਅਜਿਹੀਆਂ ਗੱਲਾਂ ਕਰਨ ਵਾਲੇ ਕਿਸਾਨ ਦੀ ਹਾਲਤ ਨਹੀਂ ਵੇਖਦੇ ਕਿ ਕੀ ਉਹ ਆਪਣੀ ਫ਼ਸਲ ਨੂੰ ਮੰਡੀਆਂ ਤੱਕ ਢੋਣ ਜੋਗਾ ਹੈ ਵੀ ਕਿ ਨਹੀਂ? ਬਹੁਤੇ ਕਿਸਾਨਾਂ ਕੋਲ ਖੇਤੀਬਾੜੀ ਲਈ ਆਪਣੇ ਸੰਦ ਵੀ ਨਹੀਂ, ਪਰ ਉਹ ਕਿਰਾਏ ਦੇ ਸੰਦਾਂ 'ਤੇ ਖੇਤੀ ਕਰਦੇ ਨੇ। ਅਜਿਹੇ ਹਾਲਾਤ ਵਿੱਚ ਕਿਵੇਂ ਕਿਹਾ ਜਾ ਸਕਦਾ ਹੈ ਕਿ ਕਿਸਾਨ ਆਪਣੀ ਫ਼ਸਲ ਨੂੰ ਮੰਡੀਆਂ ਵਿੱਚ ਵੇਚੇ ਜਾਂ ਫਿਰ ਵਪਾਰੀਆਂ ਨੂੰ ਵੇਚੇ, ਉਸ ਕੋਲ ਤਾਂ ਖ਼ੁਦ ਦੀ ਵਾਹੀ ਦੇ ਵਾਸਤੇ ਸੰਦ ਨਹੀਂ ਹਨ। ਖ਼ੈਰ, ਅਸੀਂ ਜਿਸ ਕਿਸਾਨ ਦੀ ਗੱਲ ਕਰਦੇ ਹਾਂ ਉਹ ਕਿਸਾਨ ਚਾਰ ਤੋਂ ਪੰਜ ਕਿੱਲਿਆਂ ਵਾਲਾ ਹੈ। ਅਸੀਂ ਵੱਡੇ ਕਿਸਾਨਾਂ ਦੀ ਗੱਲ ਨਹੀਂ ਕਰਦੇ, ਜਿਨ੍ਹਾਂ ਕੋਲ ਮਹਿੰਗੀਆਂ ਗੱਡੀਆਂ ਵੀ ਨੇ, ਵੱਡੇ ਟਰੈਕਟਰ ਵੀ ਨੇ ਅਤੇ ਮਸ਼ੀਨਾਂ ਤੋਂ ਇਲਾਵਾ ਹੋਰ ਵੀ ਸਾਧਨ ਨੇ।

ਬੇਸ਼ੱਕ ਇਹ 2026 ਚੋਣ ਵਰ੍ਹਾ ਹੈ ਅਤੇ ਇਸੇ ਦੌਰਾਨ ਪੰਜਾਬ ਦੇ ਵਿਧਾਇਕਾਂ, ਮੰਤਰੀਆਂ, ਸੰਸਦ ਮੈਂਬਰਾਂ ਨੇ ਇਸ ਸਮੱਸਿਆ ਨੂੰ ਸੁਲਝਾਉਣ ਵਾਸਤੇ ਕਈ ਤਰ੍ਹਾਂ ਦੇ ਢੰਗ ਤਰੀਕੇ ਅਪਣਾਉਣੇ ਅਤੇ ਬਿਆਨ ਦੇਣੇ ਨੇ, ਪਰ ਉਸ ਤੋਂ ਪਹਿਲਾਂ ਇਹ ਸੋਚਣਾ ਪਵੇਗਾ ਕਿ ਇਹ ਨੇਤਾ ਚੋਣਾਂ ਦੇ ਵਰ੍ਹਿਆਂ ਵਿੱਚ ਹੀ ਕਿਉਂ ਐਵੇਂ ਫੋਕੇ ਦਾਅਵੇ ਤੇ ਵਾਅਦੇ ਕਰਦੇ ਨੇ। ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਵੱਲੋਂ ਸਮੇਂ ਸਮੇਂ 'ਤੇ ਦੋਸ਼ ਲਾਏ ਜਾਂਦੇ ਰਹੇ ਨੇ ਕਿ ਪੰਜਾਬ ਦੀ ਖੇਤੀ ਖ਼ ?ਲਾਫ਼ ਕੇਂਦਰ ਹਰ ਢੰਗ ਤਰੀਕੇ ਅਪਣਾ ਰਿਹਾ ਹੈ। ਪੰਜਾਬ ਅੰਦਰ ਵੱਡੀ ਸਮੱਸਿਆ ਕਿਸਾਨਾਂ ਦੀ ਆਲੂਆਂ ਦੀ ਫ਼ਸਲ ਤੋਂ ਇਲਾਵਾ ਸ਼ਿਮਲਾ ਮਿਰਚ, ਮਟਰ ਅਤੇ ਗਾਜਰਾਂ ਅਤੇ ਹੋਰ ਸਬਜ਼ੀਆਂ ਦੀ ਵੀ ਹੈ, ਜਿਨ੍ਹਾਂ ਦੀ ਪੈਦਾਵਾਰ ਤਾਂ ਪੰਜਾਬ ਵਿੱਚ ਚੰਗੀ ਹੁੰਦੀ ਹੈ, ਪਰ ਕਿਸਾਨਾਂ ਨੂੰ ਇਸ ਦਾ ਚੰਗਾ ਭਾਅ ਨਹੀਂ ਮਿਲਦਾ। ਹੁਣ ਇਹ ਉਡੀਕ ਰਹੇਗੀ ਕਿ ਪੰਜਾਬ ਸਮੇਤ ਦੇਸ਼ ਭਰ ਅੰਦਰ ਬੀਜੀਆਂ ਜਾਣ ਵਾਲੀਆਂ ਫ਼ਸਲਾਂ ਦਾ ਕਿਸਾਨਾਂ ਨੂੰ ਲਾਹੇਵੰਦ ਭਾਅ ਕਦੋਂ ਮਿਲੇਗਾ?


ਗੁਰਪ੍ਰੀਤ

ਸਾਡੇ ਲੋਕ
SADE LOK

ਸਤਨਾਮ ਸਿੰਘ ਖਾਲਸਾ

Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.
ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।



# ਧੰਨ ਧੰਨ ਬਾਬਾ ਜਵਾਹਰ ਦਾਸ ਜੀ ਪਿੰਡ ਸੂਸਾਂ

ਜਿਨ੍ਹਾਂ ਨੇ ਸਾਰੀ ਜ਼ਿੰਦਗੀ ਸੰਗਤਾਂ ਨੂੰ ਮਨੁੱਖਤਾ ਤੇ ਮਾਨਵਤਾ ਨਾਲ ਜੋੜਿਆ ਅਤੇ ਸੱਚ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ। ਸੇਵਾ ਸਿਮਰਨ ਦੇ ਨਾਲ ਮਨੁੱਖਤਾ ਦਾ ਉਧਾਰ ਕੀਤਾ। ਧੰਨ ਧੰਨ ਬਾਬਾ ਜਵਾਹਰ ਦਾਸ ਜੀ ਪਿੰਡ ਸੂਸਾਂ ਵਾਲਿਆਂ ਜੀ ਦੀ ਪਵਿੱਤਰ ਯਾਦ 'ਚ








## ਗੁਰਦੁਆਰਾ ਸਾਹਿਬ ਲਵਿੰਗਸਟਨ ਕੈਲੀਫੋਰਨੀਆ

**884 B Street Livingston California**


ਵਿਖੇ ਮਹਾਨ ਪਵਿੱਤਰ ਸਮਾਗਮ ਹੋ ਰਹੇ ਹਨ। ਸਮੂਹ ਸੰਗਤਾਂ ਦੇ ਚਰਨਾਂ ਵਿਚ ਨਿਮਰਤਾ ਸਾਹਿਤ ਬੇਨਤੀ ਹੈ ਕਿ ਸਮੇਤ ਪਰਿਵਾਰ ਹਾਜ਼ਰੀਆਂ ਭਰਕੇ ਜੀਵਨ ਸਫ਼ਲਾ ਕਰੋ ਜੀ।

### ਸਮਾਗਮ ਦੇ ਵੇਰਵੇ ਇਸ ਤਰ੍ਹਾਂ ਹਨ :

ਅਰੰਭਤਾ ਸ੍ਰੀ ਅਖੰਡ ਪਾਠ ਸਾਹਿਬ 15 ਮਈ 2026 ਦਿਨ ਸ਼ੁੱਕਰਵਾਰ ਸਵੇਰੇ 10 ਵਜੇ

ਸੰਪੂਰਨਤਾ ਸ੍ਰੀ ਅਖੰਡ ਪਾਠ ਸਾਹਿਬ 17 ਮਈ, 2026 ਦਿਨ ਐਤਵਾਰ ਸਵੇਰੇ 10 ਵਜੇ

ਉਪਰੰਤ ਭਾਰੀ ਦੀਵਾਨ ਸੱਜਣਗੇ, ਜਿਸ ਵਿਚ ਰਾਗੀ, ਢਾਡੀ, ਕਥਾਕਾਰ ਇਲਾਹੀ ਬਾਣੀ ਦੇ ਕੀਰਤਨ ਤੇ ਗੁਰਮਤਿ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।



ਭਾਈ ਗੁਰਪ੍ਰੀਤ ਸਿੰਘ, ਭਾਈ ਮਨਪ੍ਰੀਤ ਸਿੰਘ, ਭਾਈ ਚਰਨਬੀਰ ਸਿੰਘ

ਹੋਰ ਜਾਣਕਾਰੀ ਲਈ

ਸ. ਹਰਜਿੰਦਰ ਸਿੰਘ ਹੈਪੀ ਸੂਚ (209) 535-0294

ਸ. ਮਨਜੀਤ ਸਿੰਘ ਬਾਸੀ (209) 678-8519

ਸ. ਹਰਿੰਦਰ ਸਿੰਘ ਸੂਚ (443) 567-0074



ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਨਾਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

(ੳ) ਇਕ ਅਕਾਲ ਪੁਰਖ ਤੋਂ ਛੁਟ ਕਿਸੇ ਦੇਵੀ ਦੇਵਤੇ ਦੀ ਉਪਾਸਨਾ ਨਹੀਂ ਕਰਨੀ।

(ਅ) ਆਪਣੀ ਮੁਕਤੀ ਦਾ ਦਾਤਾ ਹੈ ਹਿਸ਼ਟ ਕੇਵਲ ਦਸ ਗੁਰੂ ਸਾਹਿਬਾਨ ਤੇ ਉਨ੍ਹਾਂ ਦੀ ਬਾਣੀ ਨੂੰ ਮੰਨਣਾ।

(ੲ) ਦਸ ਗੁਰੂ ਸਾਹਿਬਾਨ ਨੂੰ ਇਕੋ ਜੋਤ ਦਾ ਪ੍ਰਕਾਸ਼ ਤੇ ਇਕੋ ਰੂਪ ਕਰਕੇ ਮੰਨਣਾ ਤੇ ਉਨ੍ਹਾਂ ਦੀ 'ਬਾਣੀ' ਤੋਂ ਬਿਨਾਂ ਕਿਸੇ ਹੋਰ ਬਾਣੀ ਦੀ ਪੁਸਤਕ ਨੂੰ ਆਪਣੇ ਧਰਮ ਦਾ ਗ੍ਰੰਥ ਨਹੀਂ ਜਾਣਨਾ।

(ਸ) ਜਾਤ ਪਾਤ, ਛੂਤ ਛਾਤ, ਜੰਤ੍ਰ ਮੰਤ੍ਰ ਤੰਤ੍ਰ, ਸ਼ਗਲ, ਮਹੂਤ, ਗ੍ਰਹਿਰਾਸ਼ਾਂ, ਸ੍ਰਾਧ, ਪਿਤਰ, ਖਿਆਹ, ਪਿੰਡ ਪਤਲ, ਦੀਵਾ, ਕਿਰਿਆ ਕਰਮ, ਹੋਮ, ਜਗ, ਤਬਖਣ, ਸਿਖਾ ਸੂਤ, ਪਦਣ, ਇਕਾਦਸ਼ੀ ਪੂਰਨਮਾਸ਼ੀ ਆਦਿ ਦੇ ਵਰਤ, ਤਿਲਕ, ਜੰਞੂ ਤੁਲਸੀ ਮਾਲਾ, ਗੋਰ, ਮਣ, ਮੜ੍ਹੀ, ਭੂਤ ਦੀ ਪੂਜਾ ਆਦਿ ਧਰਮ-ਰੂਪ ਕਰਮਾਂ ਉੱਤੇ ਨਿਸਚਾ ਨਹੀਂ ਕਰਨਾ। ਗੁਰ ਅਸਥਾਨ ਤੋਂ ਬਿਨਾਂ ਕਿਸੇ ਅਨ-ਧਰਮ ਦੇ ਤੀਰਥਾਂ ਜਾਂ ਧਾਮਾਂ ਨੂੰ ਆਪਣਾ ਧਰਮ ਅਸਥਾਨ ਹੀਂ ਮੰਨਣਾ। ਪੀਰ, ਬ੍ਰਾਹਮਣ, ਪੁੱਛਣਾ, ਸੁੱਖਣਾ, ਸੀਰਨੀ ਗਾਇਤ੍ਰੀ ਗੀਤਾ ਆਦਿ ਦੇ ਪਾਠ ਆਦਿ ਉਤੇ ਨਿਸਚਾ ਨਹੀਂ ਕਰਨਾ।

(ਹ) ਖਾਲਸਾ ਹਿੰਦੂ ਤਰਕ ਤੇ ਨਿਆਰਾ ਰਹੇ। ਪਰ (ਕ) ਜਗਤ ਮਾਹਿ ਹੈ ਪੰਥ ਸੂ ਜੈਏ। ਕਰੈ ਨਿੰਦ ਨਹਿੰ ਕਰਹੂੰ ਤੈਤੇ।

(ਖ) ਹਰ ਇਕ ਕੰਮ ਕਰਨ ਤੋਂ ਪਹਿਲਾਂ ਵਾਹਿਗੁਰੂ ਅੱਗੇ ਅਰਦਾਸ ਕਰੇ।

(ਗ) 'ਗੁਰਮੁਖੀ ਵਿਦਿਆ ਦਾ ਪ੍ਰਕਾਸ਼ ਅਰ ਹੋਰ ਵਿਦਿਆ ਦੀ ਤਾਕੀਦ ਕਰੇ ਜੋ ਖਾਲਸੇ ਸ੍ਰੀ ਅਕਾਲ ਪੁਰਖ ਕੇ ਸਿਖ ਲੜਕੇ ਲੜਕੀਆਂ ਪੜ੍ਹਨ।

(ਘ) ਸੰਤਾਨ ਨੂੰ ਗੁਰਸਿਖੀ ਦੀ ਵਿਦਿਆ ਦੁਆਉਣੀ ਸਿੱਖ ਦਾ ਫਰਜ਼ ਹੈ।

(ਙ) "ਕੇਸ ਲੜਕੇ ਕੋਜੋ ਹੋਇ ਸੋ ਉਨ੍ਹਾਂ ਦਾ ਬੁਰਾ ਨਾ ਮੰਗੇ ਕੇਸ ਉਹੀ ਰਖੇ, ਨਾਮ ਸਿੰਘ ਰੱਖੋ।

(ਚ) ਸਿੱਖ ਭੰਗ, ਅਫ਼ੀਮ, ਸ਼ਰਾਬ ਆਦਿ ਨਸ਼ੇ ਨਾ ਵਰਤੇ। ਅਮਲ ਪ੍ਰਸ਼ਾਦੇ ਦਾ ਹੀ ਰੱਖੇ।

(ਛ) ਸਿੱਖ ਮਰਦ ਅਥਵਾ ਇਸਤ੍ਰੀ ਨੂੰ ਨੱਕ ਕੰਨ ਛੇਦਨਾ ਮਨਾ ਹੈ।

(ਜ) ਗੁਰੂ ਕਾ ਸਿੱਖ ਕੰਨਿਆਂ ਨਾ ਮਾਰੇ ਕੁੜੀਮਾਰ ਨਾਲ ਨਾ ਵਰਤੇ।

(ਝ) ਗੁਰੂ ਕਾ ਸਿੱਖ ਧਰਮ ਦੀ ਕਿਰਤ ਕਰਕੇ ਨਿਰਬਾਹ ਕਰੇ।

(ਞ) ਗੁਰੂ ਦਾ ਸਿੱਖ ਗਰੀਬ ਦੀ ਰਸਨਾ ਨੂੰ ਗੁਰੂ ਕੀ ਗੋਲਕ ਜਾਣੇ।

(ਟ) ਚੋਰੀ ਜਾਰੀ ਨਾ ਕਰੋ, ਜੂਆ ਨਾ ਖੇਡੇ।


(ਠ) ਪਰ ਬੇਟੀ ਕੋ ਬੇਟੀ ਜਾਨੇ। ਪਰ ਇਸਤ੍ਰੀ ਕੋ ਮਾਤ ਬਖਾਨੈ। ਅਪਨੀ ਇਸਤ੍ਰੀ ਸੋ ਰਤ ਹੋਈ। ਰਹਿਤਵਾਨ ਵੂਰ ਕਾ ਸਿੰਘ ਸੋਈ।

(ਗ) ਗੁਰੂ ਦਾ ਸਿੱਖ ਜਨਮ ਤੋਂ ਲੈ ਕੇ ਦੇਹਾਂਤ ਤੱਕ ਗੁਰਮਰਯਾਦਾ ਕਰੇ।

੩. ਜਨਮ ਤੇ ਨਾਮ ਸੰਸਕਾਰ

(ੳ) ਜਦ ਵਾਹਿਗੁਰੂ ਦੀ ਕਿਰਪਾ ਨਾਲ ਸਿੱਖ ਦੇ ਘਰ ਬਾਲਕ ਦਾ ਜਨਮ ਹੋਵੇ, ਤਾਂ ਵਾਹਿਗੁਰੂ ਦੇ ਧੰਨਵਾਦ ਅਤੇ ਮਾਤਾ ਦੀ ਅਰੋਗਤਾ ਲਈ ਅਰਦਾਸਾ ਕੀਤਾ ਜਾਵੇ।

(ਅ) ਜਦ ਮਾਤਾ ਉਠਣ ਬੈਠਣ ਤੇ ਇਸ਼ਨਾਨ ਕਰਨ ਦੇ ਜੋਗ ਹੋਵੇ, ਤਾਂ (ਦਿਨਾਂ ਦੀ ਕੋਈ ਗਿਣਤੀ ਮੁਕਰਰ ਨਹੀਂ) ਟੱਬਰ ਤੇ ਸਰਬੰਧੀ ਗੁਰਦੁਆਰੇ ਕੜਾਹ ਪ੍ਰਸਾਦ ਲੈ ਕੇ ਜਾਣਾ ਅਤੇ ਗੁਰੂ ਜੀ ਦੇ ਹਜ਼ੂਰ "ਪਰਮੈਸਰਿ ਦਿਤਾ ਬੰਨਾ" (ਸੋਰਠਿ ਮ: ੫), ਸਤਿਗੁਰਿ ਸਾਚੈ ਦੀਆ ਭੇਜਿ' (ਆਸਾ ਮ: ੫) ਆਦਿ ਖੁਸ਼ੀ ਦੇ ਧਨਵਾਦ ਵਾਲੇ ਸ਼ਬਦ ਪੜ੍ਹਨ। ਉਪਰੰਤ ਜੇਕਰ ਗੁਰੂ ਗ੍ਰੰਥ ਸਾਹਿਬ ਦਾ ਪਾਠ ਰੱਖਿਆ ਹੋਵੇ ਤਾਂ ਪਾਠ ਦਾ ਭੋਗ ਪਾਇਆ ਜਾਵੇ। ਫਿਰ ਵਾਕ ਲਿਆ ਜਾਵੇ। ਵਾਕ ਦੇ ਅਰੰਭ ਦੇ ਸ਼ਬਦ ਦਾ ਜੋ ਪਹਿਲਾ ਅੱਖਰ ਹੋਵੇ ਉਸ ਤੋਂ ਗ੍ਰੰਥੀ ਸਿੰਘ ਬਚੇ ਦਾ ਨਾਮ ਤਜਵੀਜ਼ ਕਰੇ ਅਤੇ ਸੰਗਤ ਦੀ ਪ੍ਰਵਾਨਗੀ ਲੈ ਕੇ ਨਾਮ ਪ੍ਰਗਟ ਕਰੇ। ਉਪਰੰਤ ਸਰਬਲੋਹ ਦੇ ਬਾਟੇ ਵਿਚ ਜਲ ਤੇ ਮਿਠਾ ਪਾ ਕੇ ਖੰਡਾ ਹਿਲਾਵੇ ਅਤੇ ਜਪੁਜੀ ਸਾਹਿਬ ਦੀਆਂ ਪਹਿਲੀਆਂ ਪੰਜ ਪਉੜੀਆਂ ਦਾ ਪਾਠ ਕਰੇ। ਇਸ ਜਲ ਦੇ ਚੁਲੇ ਬੱਚੇ ਦੇ ਮੂੰਹ ਵਿਚ ਪਾਏ ਜਾਣ ਤੇ ਹਰ ਚੁਲੇ ਨਾਲ 'ਸਤਿਨਾਮ ਸ੍ਰੀ ਵਾਹਿਗੁਰੂ' ਦਾ ਉਚਾਰਨ ਕੀਤਾ ਜਾਵੇ। ਉਪਰੰਤ ਅਨੰਦ ਸਾਹਿਬ ਮਗਰੋਂ ਬੱਚੇ ਦੇ ਨਾਮ ਸੰਸਕਾਰ ਦੀ ਖੁਸ਼ੀ ਦਾ ਯੋਗ ਸ਼ਬਦਾਂ ਵਿਚ ਅਰਦਾਸਾ ਕਰਕੇ ਕੜਾਹ ਪ੍ਰਸਾਦ ਵਰਤਾਇਆ ਜਾਵੇ।




(ੲ) ਜਨਮ ਦੇ ਸੰਬਧ ਵਿਚ ਖਾਣ ਪੀਣ ਵਿਚ ਕੋਈ ਸੂਤਕ ਦਾ ਭਰਮ ਨਹੀਂ ਕਰਨਾ, ਕਿਉਂਕਿ ਜੰਮਣੁ ਮਰਨਾ ਹੁਕਮੁ ਹੈ ਭਾਣੈ ਆਏ ਜਾਇ। ਖਾਣਾ ਪੀਣਾ ਪਵਿਤਰ ਹੈ ਇਤੋ ਨੂੰ ਰਿਜਕੁ ਸੰਬਾਹਿ।'

੩. ਅਨੰਦ ਸਸਕਾਰ

(ੳ) ਸਿੱਖ ਦਾ ਵਿਆਹ 'ਅਨੰਦ' ਰੀਤੀ ਨਾਲ ਕਰਨਾ ਚਾਹੀਏ।

(ਅ) ਲੜਕੀ ਲੜਕੇ ਦਾ ਵਿਆਹ ਬਚਪਨ ਵਿਚ ਕਰਨਾ ਵਿਵਰਜਤ ਹੈ।

(ੲ) ਜਦ ਲੜਕੀ ਸਰੀਰ, ਮਨ ਤੋਂ ਆਚਾਰ ਕਰਕੇ ਵਿਆਹ ਕਰਨ ਦੇ ਜੋਗ ਹੋ ਜਾਵੇ ਤਾਂ ਕਿਸੇ ਜੰਗ ਸਿੱਖ ਨਾਲ 'ਅਨੰਦ' ਪੜ੍ਹਾਇਆ ਜਾਵੇ।


(ਸ) ਅਨੰਦ ਤੋਂ ਪਹਿਲਾਂ ਕੁਰਮਾਈ ਦੀ ਰਸਮ ਜ਼ਰੂਰੀ ਨਹੀਂ। ਪਰ ਜੇ ਕਰਨੀ ਹੋਵੇ ਤਾਂ ਲੜਕੀ ਵਾਲੇ ਕਿਸੇ ਦਿਨ ਸੰਗਤ ਜੋੜ ਕੇ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਅਰਦਾਸਾ ਸੋਧ ਕੇ ਇਕ ਕਿਰਪਾਨ ਤੇ ਕੁਝ ਮਿਠਾ ਲੜਕੇ ਵਾਲਿਆਂ ਦੇ ਪੱਲੇ ਪਾ ਦੇਣ।

(ਚਲਦਾ)

### ਅਮਰੀਕਾ 'ਚ ਵੱਡਾ ਹਾਦਸਾ

# ਪੈਟਰੋਲ ਨਾਲ ਭਰੇ ਟੈਂਕਰ ਨੂੰ ਲੱਗੀ ਅੱਗ, ਡਰਾਈਵਰ ਝੁਲਸਿਆ

ਫੋਰਟ ਵਰਥ (ਅਮਰੀਕਾ): ਅਮਰੀਕਾ ਵਿਖੇ ਟੈਕਸਾਸ ਦੇ ਫੋਰਟ ਵਰਥ ਵਿੱਚ ਐਤਵਾਰ ਨੂੰ ਇੱਕ ਤੇਲ ਦਾ ਟੈਂਕਰ ਇਕ ਹੋਰ ਵਾਹਨ ਨਾਲ ਟਕਰਾ ਗਿਆ। ਇਸ ਟੱਕਰ ਮਗਰੋਂ ਟੈਂਕਰ ਭਿਆਨਕ ਅੱਗ ਦੀ ਲਪੇਟ ਵਿੱਚ ਆ ਗਿਆ, ਜਿਸ ਕਾਰਨ ਟਰੱਕ ਡਰਾਈਵਰ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ। ਫੋਰਟ ਵਰਥ ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਫੋਰਟ ਵਰਥ ਅਗਨੀਸ਼ਮਨ ਵਿਭਾਗ ਦੇ ਬੁਲਾਰੇ ਕ੍ਰੇਗ ਟਰੋਜਾਸੇਕ ਅਨੁਸਾਰ 18 ਪਹੀਆ ਵਾਲਾ ਟਰੱਕ, ਜਿਸ ਵਿੱਚ 9,000 ਗੈਲਨ ਪੈਟਰੋਲ ਸੀ, ਇੱਕ ਗੈਸ ਸਟੇਸ਼ਨ ਨੇੜੇ ਇੱਕ ਸੜਕ 'ਤੇ ਕੰਟਰੋਲ ਤੋਂ ਬਾਹਰ ਹੋ ਗਿਆ, ਜਿਸ ਕਾਰਨ ਬਾਲਣ ਲੀਕ ਹੋਣਾ ਸ਼ੁਰੂ ਹੋ ਗਿਆ। ਟਰੋਜਾਸੇਕ ਨੇ ਕਿਹਾ ਕਿ ਟਰੱਕ ਦੇ ਕੰਟਰੋਲ ਤੋਂ ਬਾਹਰ ਹੋਣ ਕਾਰਨ ਬਿਜਲੀ ਦੀਆਂ ਤਾਰਾਂ ਇਸ 'ਤੇ ਡਿੱਗ ਪਈਆਂ, ਜਿਸ ਕਾਰਨ ਅੱਗ ਲੱਗ ਗਈ। ਹਾਦਸਾ ਦੇਰ ਰਾਤ ਕਰੀਬ 1 ਵਜੇ ਵਾਪਰਿਆ। ਅਧਿਕਾਰੀਆਂ ਨੇ ਦੱਸਿਆ ਕਿ ਡਰਾਈਵਰ ਨੇ ਆਪਣੀ ਜਾਨ ਦੀ ਪਰਵਾਹ ਨਾ ਕਰਦੇ ਹੋਏ ਪੂਰੀ ਕੋਸ਼ਿਸ਼ ਕੀਤੀ ਕਿ ਫੈਲ ਰਿਹਾ ਪੈਟਰੋਲ ਨੇੜੇ ਸਥਿਤ ਵਲੇਰੋ (Valero) ਪੈਟਰੋਲ ਪੰਪ ਦੇ ਪਾਰਕਿੰਗ ਖੇਤਰ ਵਿੱਚ ਨਾ ਪਹੁੰਚੇ। ਇਸੇ ਦੌਰਾਨ ਉਹ ਅੱਗ ਦੀ ਲਪੇਟ ਵਿੱਚ ਆ ਕੇ ਗੰਭੀਰ ਰੂਪ ਵਿੱਚ ਝੁਲਸ ਗਿਆ ਅਤੇ ਉਸ ਨੂੰ ਤੁਰੰਤ ਹਸਪਤਾਲ ਦਾਖਲ ਕਰਵਾਇਆ ਗਿਆ। ਰਾਹਤ ਦੀ ਗੱਲ ਇਹ ਰਹੀ ਕਿ ਇਸ ਘਟਨਾ ਵਿੱਚ ਕੋਈ ਹੋਰ ਵਿਅਕਤੀ ਜ਼ਖਮੀ ਨਹੀਂ ਹੋਇਆ। ਅੱਗ ਇੰਨੀ ਭਿਆਨਕ ਸੀ ਕਿ ਦਮਕਲ ਕਰਮਚਾਰੀਆਂ ਨੂੰ ਇਸ 'ਤੇ ਕਾਬੂ ਪਾਉਣ ਲਈ ਕਈ ਘੰਟੇ ਲੱਗ ਗਏ। ਅੱਗ ਬੁਝਾਉਣ ਲਈ ਪਾਣੀ ਦੇ ਨਾਲ-ਨਾਲ ਪੈਟਰੋਲ ਨੂੰ ਫੈਲਣ ਤੋਂ ਰੋਕਣ ਲਈ ਰੇਤ ਦੀ ਵਰਤੋਂ ਵੀ ਕੀਤੀ ਗਈ।



# ਟਰੰਪ ਦਾ 'ਹੋਰਮੁਜ਼ ਅਲਟੀਮੇਟਮ' ਈਰਾਨ ਨੇ ਕੀਤਾ ਰੱਦ

## ਕਿਹਾ- 'ਅਸੀਂ ਦਬਾਅ ਅੱਗੇ ਨਹੀਂ ਝੁਕਾਂਗੇ'

ਅਮਰੀਕਾ ਅਤੇ ਈਰਾਨ ਵਿਚਾਲੇ ਜਾਰੀ ਜੰਗ ਹੁਣ ਇੱਕ ਅਜਿਹੇ ਮੋੜ 'ਤੇ ਪਹੁੰਚ ਗਈ ਹੈ ਜਿੱਥੇ ਸਮਝੌਤੇ ਦੀ ਬਜਾਏ ਟਕਰਾਅ ਵਧਦਾ ਦਿਖਾਈ ਦੇ ਰਿਹਾ ਹੈ। ਈਰਾਨ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਹੋਰਮੁਜ਼ ਜਲਡਮਰੂਮੱਧ ਨੂੰ ਲੈ ਕੇ ਦਿੱਤੀ ਗਈ ਸਮਾਂ-ਸੀਮਾ (Deadline) ਅਤੇ ਅਲਟੀਮੇਟਮ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਹੈ। ਰਾਸ਼ਟਰਪਤੀ ਟਰੰਪ ਨੇ ਈਰਾਨ ਨੂੰ ਮੰਗਲਵਾਰ ਤੱਕ ਦਾ ਸਮਾਂ ਦਿੰਦਿਆਂ ਸਖ਼ਤ ਸ਼ਰਤਾਂ ਰੱਖੀਆਂ ਸਨ, ਜਿਨ੍ਹਾਂ ਵਿੱਚ ਹੋਰਮੁਜ਼ ਜਲਡਮਰੂਮੱਧ ਨੂੰ ਪੂਰੀ ਤਰ੍ਹਾਂ ਖੋਲ੍ਹਣ ਦੀ ਮੰਗ ਪ੍ਰਮੁੱਖ ਸੀ। ਟਰੰਪ ਨੇ ਚੇਤਾਵਨੀ ਦਿੱਤੀ ਸੀ ਕਿ ਜੇਕਰ ਈਰਾਨ ਇਨ੍ਹਾਂ ਸ਼ਰਤਾਂ ਨੂੰ ਨਹੀਂ ਮੰਨਦਾ, ਤਾਂ ਮੰਗਲਵਾਰ ਨੂੰ ਹੀ ਉਸ ਦੇ ਊਰਜਾ ਪਲਾਂਟਾਂ ਅਤੇ ਮਹੱਤਵਪੂਰਨ ਪੁਲਾਂ ਨੂੰ ਤਬਾਹ ਕਰ ਦਿੱਤਾ ਜਾਵੇਗਾ। ਪਰ ਤਹਿਰਾਨ ਨੇ ਟਰੰਪ ਦੀ ਇਸ ਡੈੱਡਲਾਈਨ ਨੂੰ ਮੰਨਣ ਤੋਂ ਸਾਫ਼ ਇਨਕਾਰ ਕਰ ਦਿੱਤਾ ਹੈ । ਤਹਿਰਾਨ ਦਾ ਕਹਿਣਾ ਹੈ ਕਿ ਉਹ ਕਿਸੇ ਵੀ ਤਰ੍ਹਾਂ ਦੇ ਦਬਾਅ ਅੱਗੇ ਨਹੀਂ ਝੁਕੇਗਾ ਅਤੇ ਅਸਥਾਈ ਜੰਗਬੰਦੀ 'ਤੇ ਹੋਰਮੁਜ਼ ਨਹੀਂ ਖੋਲ੍ਹੇਗਾ।

ਈਰਾਨੀ ਵਿਦੇਸ਼ ਮੰਤਰਾਲੇ ਨੇ ਕਿਹਾ, 'ਅਮਰੀਕਾ ਦਾ 15-ਨੁਕਾਤੀ ਪ੍ਰਸਤਾਵ ਬਹੁਤ ਜ਼ਿਆਦਾ ਮੰਗ ਕਰਨ ਵਾਲਾ ਹੈ। ਅਸੀਂ ਆਪਣੀਆਂ ਮੰਗਾਂ ਦਾ ਇੱਕ ਵੱਖਰਾ ਸੈੱਟ ਤਿਆਰ ਅਤੇ ਰਸਮੀ ਰੂਪ ਦਿੱਤਾ ਹੈ।' ਇਸ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਸਫਾਹਾਨ ਵਿੱਚ ਪਾਇਲਟ ਬਚਾਅ ਕਾਰਜ ਸਿਰਫ਼ ਈਰਾਨ ਦੇ ਅਮੀਰ ਯੂਰੇਨੀਅਮ ਨੂੰ ਜ਼ਬਤ ਕਰਨ ਦੇ ਉਦੇਸ਼ ਨਾਲ ਇੱਕ ਚਾਲ ਸੀ। ਇਸ ਨਾਲ ਵਿਰੋਧੀ ਧਿਰ ਨੂੰ ਮੁੜ ਸੰਗਠਿਤ ਹੋਣ ਅਤੇ ਆਪਣੇ ਕਾਰਜ ਜਾਰੀ ਰੱਖਣ ਦਾ ਮੌਕਾ ਮਿਲ ਸਕਦਾ ਹੈ।




ਮੰਤਰਾਲੇ ਨੇ ਕਿਹਾ, 'ਓਮਾਨ ਨਾਲ ਗੱਲਬਾਤ ਦਾ ਕੇਂਦਰ ਹੋਰਮੁਜ਼ ਜਲਡਮਰੂ ਵਿੱਚੋਂ ਜਹਾਜ਼ਾਂ ਦੇ ਸੁਰੱਖਿਅਤ ਰਸਤੇ ਲਈ ਇੱਕ ਪ੍ਰੋਟੋਕੋਲ ਸਥਾਪਤ ਕਰਨ 'ਤੇ ਹੈ।' ਤਹਿਰਾਨ ਵਿੱਚ ਇੱਕ ਪ੍ਰੈਸ ਕਾਨਫਰੰਸ ਵਿੱਚ, ਈਰਾਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਇਸਮਾਈਲ ਬਾਘਾਈ ਨੇ ਕਿਹਾ ਕਿ ਜੇ ਲੋੜ ਪਈ ਤਾਂ ਤਹਿਰਾਨ 'ਆਪਣੀ ਪੂਰੀ ਤਾਕਤ' ਨਾਲ ਆਪਣੇ ਦੇਸ਼ ਦਾ ਬਚਾਅ ਕਰੇਗਾ।

ਹਾਲਾਂਕਿ ਪਿਛਲੇ ਕੁਝ ਦਿਨਾਂ ਤੋਂ 45 ਦਿਨਾਂ ਦੀ ਜੰਗਬੰਦੀ ਅਤੇ ਇੱਕ 'ਦੋ-ਪੜਾਵੀ' ਸ਼ਾਂਤੀ ਯੋਜਨਾ 'ਤੇ ਚਰਚਾ ਚੱਲ ਰਹੀ ਸੀ, ਪਰ ਈਰਾਨ ਦੇ ਇਸ ਤਾਜ਼ਾ ਫੈਸਲੇ ਨੇ ਸ਼ਾਂਤੀ ਦੀਆਂ ਉਮੀਦਾਂ 'ਤੇ ਪਾਣੀ ਫੇਰ ਦਿੱਤਾ ਹੈ। ਈਰਾਨੀ ਵਿਦੇਸ਼ ਮੰਤਰਾਲੇ ਨੇ ਪਹਿਲਾਂ ਹੀ ਸਪੱਸ਼ਟ ਕੀਤਾ ਸੀ ਕਿ ਉਹ ਅਮਰੀਕਾ ਨਾਲ ਸਿੱਧੀ ਗੱਲਬਾਤ ਨਹੀਂ ਕਰ ਰਹੇ ਅਤੇ ਕਿਸੇ ਵੀ ਤਰ੍ਹਾਂ ਦੇ ਦਬਾਅ ਹੇਠ ਹੋਰਮੁਜ਼ ਵਰਗੇ ਰਣਨੀਤਕ ਮੁੱਦਿਆਂ 'ਤੇ ਸਮਝੌਤਾ ਨਹੀਂ ਕਰਨਗੇ।

ਹੋਰਮੁਜ਼ ਵਿਸ਼ਵ ਪੱਧਰ 'ਤੇ ਤੇਲ ਦੀ ਸਪਲਾਈ ਲਈ ਸਭ ਤੋਂ ਅਹਿਮ ਰਸਤਾ ਮੰਨਿਆ ਜਾਂਦਾ ਹੈ। ਅਮਰੀਕਾ ਵਿੱਚ ਤੇਲ ਦੀਆਂ ਵਧਦੀਆਂ ਕੀਮਤਾਂ (ਪੈਟਰੋਲ 4.09 ਡਾਲਰ ਪ੍ਰਤੀ ਗੈਲਨ) ਕਾਰਨ ਟਰੰਪ ਪ੍ਰਸ਼ਾਸਨ ਇਸ ਰਸਤੇ ਨੂੰ ਹਰ ਹਾਲ ਵਿੱਚ ਖੁਲ੍ਹਵਾਉਣਾ ਚਾਹੁੰਦਾ ਹੈ। ਈਰਾਨ ਵੱਲੋਂ ਅਲਟੀਮੇਟਮ ਰੱਦ ਕੀਤੇ ਜਾਣ ਤੋਂ ਬਾਅਦ ਹੁਣ ਖੇਤਰ ਵਿੱਚ ਤਣਾਅ ਬੇਹੱਦ ਵਧ ਗਿਆ ਹੈ। ਸਾਰੀਆਂ ਨਜ਼ਰਾਂ ਹੁਣ ਮੰਗਲਵਾਰ 'ਤੇ ਟਿਕੀਆਂ ਹੋਈਆਂ ਹਨ, ਕਿ ਕੀ ਅਮਰੀਕਾ ਆਪਣੀ ਧਮਕੀ ਅਨੁਸਾਰ ਕੋਈ ਵੱਡੀ ਫੌਜੀ ਕਾਰਵਾਈ ਕਰਦਾ ਹੈ ਜਾਂ ਫਿਰ ਕੂਟਨੀਤਕ ਪੱਧਰ 'ਤੇ ਕੋਈ ਨਵਾਂ ਰਸਤਾ ਕੱਢਿਆ ਜਾਂਦਾ ਹੈ।

# BASRA
## Heating & Air Conditioning

**ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ**

# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**

Reasonable price first class work ਅਤੇ

100% ਗਰੰਟੀ




**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

**ਹੋਰ ਜਾਣਕਾਰੀ ਲਈ ਕਾਲ ਕਰੋ**

**ਸ. ਰਜਿੰਦਰ ਸਿੰਘ ਬਸਰਾ (209) 834-6188**

**Address: 231 Portico Ln, Tracy, CA 95377**



ਸੰਤ ਸੇਵਾ ਸਿਘ ਜੀ

ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਸੱਚਖੰਡਵਾਸੀ, ਬ੍ਰਹਮਗਿਆਨੀ ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ, ਜਿਨ੍ਹਾਂ ਨੇ ਸ਼ਬਦ ਗੁਰੂ ਦੇ ਨਾਲ ਆਪਣੀ ਸੁਰਤ ਨੂੰ ਜੋੜ ਕੇ ਜਿੱਥੇ ਆਪ ਪਰਮੇਸ਼ਰ ਜੀ ਵਿੱਚ ਅਭੇਦਤਾ ਪ੍ਰਾਪਤ ਕੀਤੀ; ਉਥੇ ਗੁਰਮਤਿ ਮਾਰਗ ਤੋਂ ਦੁਰੇਡੇ ਜਾ ਚੁੱਕਿਆਂ ਨੂੰ ਖੰਡੇ ਬਾਟੇ ਦੀ ਪਾਹੁਲ ਛਕਾ ਕੇ 'ਸ਼ਬਦ ਗੁਰੂ' ਦੇ ਲੜ ਲਾ ਉਹਨਾਂ ਦਾ ਮਾਰਗ ਦਰਸ਼ਨ ਕੀਤਾ। ਮਹਾਂਪੁਰਖਾਂ ਦੇ ਉੱਤਰਾਧਿਕਾਰੀ ਸੰਤ ਬਾਬਾ ਸੇਵਾ ਸਿੰਘ ਜੀ 'ਰਾਮਪੁਰ ਖੇੜੇ ਵਾਲਿਆਂ' ਨੇ 'ਸੇ ਕਿਨੇਹਿਆ?' ਪੁਸਤਕ ਵਿੱਚ ਸੱਚਖੰਡਵਾਸੀ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਜੀਵਨ ਦਾ ਬਾਖੂਬੀ ਚਿਤਰਨ ਕੀਤਾ ਹੈ। ਇਹ ਪੁਸਤਕ ਸਿੱਖ ਜਗਤ ਵਿੱਚ ਬਹੁਤ ਹੀ ਮਕਬੂਲੀਅਤ ਹਾਸਲ ਕਰ ਚੁੱਕੀ ਹੈ ਅਤੇ ਲੱਖਾਂ ਦੀ ਗਿਣਤੀ ਵਿੱਚ ਛਾਪ ਕੇ ਸੰਗਤਾਂ ਤੱਕ ਪਹੁੰਚਾਈ ਗਈ ਹੈ। ਸੰਤ ਬਾਬਾ ਸੇਵਾ ਸਿੰਘ ਜੀ ਦੀ ਕਲਮ ਰਾਹੀਂ ਲਿਖੀਆਂ ਗਈਆਂ ਅਨੇਕਾਂ ਪੁਸਤਕਾਂ ਵਿੱਚੋਂ ਉਨ੍ਹਾਂ ਦੀ ਇਹ ਸ਼ਾਹਕਾਰ ਰਚਨਾ 'ਸੇ ਕਿਨੇਹਿਆ?' ਆਪਣੇ ਪਾਠਕਾਂ ਦੀ ਮੰਗ 'ਤੇ ਅਸੀਂ ਆਪਣੇ ਅਖਬਾਰ ਰਾਹੀਂ ਲੜੀਵਾਰ ਛਾਪ ਰਹੇ ਹਾਂ। ਆਸ ਹੈ ਕਿ ਇਸ ਯਤਨ ਤੋਂ ਸਾਡੇ ਪਾਠਕ ਲਾਭ ਪ੍ਰਾਪਤ ਕਰਨਗੇ। – ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਗੁਰਬਾਣੀ ਅਨੁਸਾਰ ਮਾਇਆ ਕੀ ਹੈ?

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਸੋ, ਹੇ ਨਰਹਰ ਜੀ (ਵਾਹਿਗੁਰੂ ਜੀ)! ਮੈਂ ਤੇਰੀ ਸ਼ਰਨ ਹਾਂ, ਇਸ ਬੁਰੀ ਬਲਾ (ਲੋਭ) ਤੋਂ ਮੈਨੂੰ ਬਚਾ ਲਵੋ ਜੀ।

ਮੋਹ ਪ੍ਰਤੀ ਗੁਰੂ ਪਾਤਸ਼ਾਹ ਜੀ ਦਾ ਹੁਕਮ ਹੈ:

ਜੇਤਾ ਮੋਹੁ ਪਰੀਤਿ ਸੁਆਦ॥
ਸਭਾ ਕਾਲਖ ਦਾਗਾ ਦਾਗ॥
ਦਾਗ ਦੋਸ ਮੁਹਿ ਚਲਿਆ ਲਾਇ ਦਰਗਹ ਬੈਸਣ ਨਾਹੀ ਜਾਇ॥
(ਧਨਾਸਰੀ ਮ: ੧, ਅੰਗ ੬੬੨)

ਤਥਾ

ਪੰਕਜੁ ਮੋਹ ਪਗੁ ਨਹੀ ਚਾਲੈ॥ (ਅੰਗ ੧੨)

ਅਤੇ

ਮੋਹ ਮਗਨ ਪਤਿਤ ਸੰਗਿ ਪ੍ਰਾਨੀ
ਐਸੇ ਮਨਹਿ ਬਿਸਾਰਨ॥੧॥ ਰਹਾਉ॥
(ਬਿਲਾਵਲੁ ਮ: ੫, ਅੰਗ ੮੨੦)

ਤਥਾ ਹੋਰ ਹੁਕਮ ਹੈ ਕਿ :

ਮੋਹੁ ਅਰੁ ਭਰਮੁ ਤਜਹੁ ਤੁਮ੍ ਬੀਰ॥
ਸਾਚੁ ਨਾਮੁ ਰਿਦੇ ਰਵੈ ਸਰੀਰ॥੧॥ ਰਹਾਉ॥
ਏਤੁ ਮੋਹਿ ਡੂਬਾ ਸੰਸਾਰੁ॥ ਗੁਰਮੁਖਿ ਕੋਈ ਉਤਰੈ ਪਾਰਿ॥
(ਆਸਾ ਮ: ੧, ਅੰਗ ੩੫੬)

ਹੰਕਾਰ ਪ੍ਰਤੀ ਤਾਂ ਸਤਿਗੁਰੂ ਜੀ ਬਹੁਤ ਹੀ ਸਾਵਧਾਨ ਕਰਦੇ ਹਨ :

ਹੇ ਜਨਮ ਮਰਣ ਮੂਲੰ ਅਹੰਕਾਰੰ ਪਾਪਾਤਮਾ॥
ਮਿਤ੍ਰੰ ਤਜੰਤਿ ਸਤ੍ਰੰ ਦ੍ਰਿੜੰਤਿ ਅਨਿਕ ਮਾਯਾ ਬਿਸ੍ਤੀਰਨਹ॥
ਆਵੰਤ ਜਾਵੰਤ ਥਕੰਤ ਜੀਆ ਦੁਖ ਸੁਖ ਬਹੁ ਭੋਗਣਹ॥
ਭ੍ਰਮ ਭਯਾਨ ਉਦਿਆਨ ਰਮਣੰ ਮਹਾ ਬਿਕਟ ਅਸਾਧ ਰੋਗਣਹ॥
ਬੈਦੵੰ ਪਾਰਬ੍ਰਹਮ ਪਰਮੇਸ੍ਵਰ ਆਰਾਧਿ ਨਾਨਕ ਹਰਿ ਹਰਿ ਹਰੇ॥੪੯॥
(ਸਲੋਕ ਸਹਸਕ੍ਰਿਤੀ ਮ: ੫, ਅੰਗ ੧੩੫੮)

ਕਿ ਹੇ ਜੰਮਣ ਮਰਨ ਦੇ ਮੂਲ, ਆਤਮਾ ਨੂੰ ਪਾਪਾਂ ਨਾਲ ਭਰਿਸ਼ਟ ਕਰਨ ਵਾਲੇ ਹੰਕਾਰ! ਤੂੰ ਅਨੇਕ ਪ੍ਰਕਾਰ ਨਾਲ ਮਾਇਆ ਦਾ ਖਿਲਾਰਾ ਖਿਲਾਰਦਾ ਹੈਂ। ਜਿਸ ਕਾਰਨ ਤੇਰੇ ਅਸਰ ਅਧੀਨ ਹੋਏ ਜੀਵ, ਮਿੱਤਰਾਂ ਦਾ ਤਿਆਗ ਕਰ ਦਿੰਦੇ ਹਨ ਅਤੇ ਵੈਰੀਆਂ ਨਾਲ ਮਿੱਤ੍ਰਤਾ ਪਾ ਲੈਂਦੇ ਹਨ। ਤੇਰੇ ਵੱਸ ਹੋਏ ਜੀਵ ਆਉਂਦੇ ਜਾਂਦੇ ਭਾਵ ਜੰਮਦੇ-ਮਰਦੇ ਆਖ਼ਰ ਥੱਕ ਜਾਂਦੇ ਹਨ। ਸੁੱਖ ਦੇ ਭੁਲੇਖੇ ਬਹੁਤ ਦੁੱਖ ਭੋਗਦੇ ਹਨ। ਜੋ ਤੇਰੇ ਵੱਸ ਵਿੱਚ ਹਨ, ਉਹ ਭਰਮ ਦੇ ਭਿਆਨਕ ਜੰਗਲ ਵਿੱਚ ਭਟਕਦੇ ਰਹਿੰਦੇ ਹਨ। ਤੂੰ ਜੀਵਾਂ ਨੂੰ ਲਾ-ਇਲਾਜ ਭਿਆਨਕ ਰੋਗ ਹੋ ਕੇ ਚੰਬੜਿਆ ਹੋਇਆ ਹੈਂ। ਹੇ ਜੀਵ! ਇਸ ਅਸਾਧ ਰੋਗ ਦੇ ਕੱਟਣ ਵਾਲੇ ਪ੍ਰਭੂ-ਪਰਮੇਸ਼ਰ ਜੀ ਹੀ ਹਨ। ਇਸ ਲਈ ਉਸਦੇ ਜਾਪ ਨੂੰ ਨਿਰੰਤਰ ਜਪਣਾ ਚਾਹੀਦਾ ਹੈ।

ਹੋਰ ਹੁਕਮ ਹੈ ਕਿ :

ਜੇ ਕੋ ਬਹੁਤੁ ਕਰੇ ਅਹੰਕਾਰੁ॥
ਓਹੁ ਖਿਨ ਮਹਿ ਰੁਲਤਾ ਖਾਕੂ ਨਾਲਿ॥
(ਗੋਂਡ ਮ: ੫, ਅੰਗ ੮੬੮)

ਤਥਾ

ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ॥
ਅਹੰਕਾਰਿ ਮੁਏ ਸੇ ਵਿਗਤੀ ਗਏ ਮਰਿ ਜਨਮਹਿ ਫਿਰਿ ਆਵਹਿ॥੯॥
(ਸਲੋਕੁ ਮ: ੩, ਅੰਗ ੧੦੮੯)

ਅਤੇ ਜਿਸ ਹਿਰਦੇ ਵਿੱਚ ਹੰਕਾਰ ਹੈ, ਓਥੇ ਨਾਮ ਦਾ ਵਾਸਾ ਨਹੀਂ ਹੋ ਸਕਦਾ:

ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥
ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ॥੧॥
(ਵਡਹੰਸ ਮ: ੩, ਅੰਗ ੫੬੦)

ਇਸੇ ਸ਼ਬਦ ਦੇ ਅਖ਼ੀਰ ਵਿੱਚ ਸਤਿਗੁਰੂ ਜੀ ਨੇ ਇਹ ਵੀ ਫੁਰਮਾਇਆ ਹੈ ਕਿ ਹੰਕਾਰੀ ਮਨੁੱਖ ਭਗਤੀ ਨਹੀਂ ਕਰ ਸਕਦਾ :

ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ॥




ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ॥੩॥
ਨਾਨਕ ਸਤਗੁਰਿ ਮਿਲਿਐ ਹਉਮੈ ਗਈ ਤਾ ਸਚੁ ਵਸਿਆ ਮਨਿ ਆਇ॥
ਸਚੁ ਕਮਾਵੈ ਸਚਿ ਰਹੈ ਸਚੇ ਸੇਵਿ ਸਮਾਇ॥੪॥੯॥੧੨॥
(ਵਡਹੰਸ ਮ: ੩, ਅੰਗ ੫੬੦)

ਸੋ ਇਨ੍ਹਾਂ ਪੰਜਾਂ ਦੇ ਰਾਹੀਂ ਮਨੁੱਖ ਨੂੰ ਐਸੀ ਮਾਇਆ ਬਿਆਪਦੀ ਹੈ ਕਿ ਉਹ ਆਪਣੇ ਅਸਲ ਨਿਸ਼ਾਨੇ ਤੋਂ ਥਿੜਕ ਜਾਂਦਾ ਹੈ। ਨਾਮ-ਰਸ, ਆਤਮਿਕ ਰੰਗ ਅਤੇ ਇਲਾਹੀ ਵਿਸਮਾਦ ਤੋਂ ਕਈ ਵਾਰ ਵਾਂਝਾ ਹੀ ਰਹਿ ਜਾਂਦਾ ਹੈ। ਫਿਰ ਪ੍ਰਸ਼ਨ ਉਤਪੰਨ ਹੁੰਦਾ ਹੈ ਕਿ ਜੇਕਰ ਮਾਇਆ ਹਰ ਜੀਵ 'ਤੇ ਅਸਰ ਕਰਦੀ ਹੈ, ਵੱਡੇ-ਵੱਡੇ ਵੀ ਇਸ ਦੀ ਮਾਰ ਤੋਂ ਬਚ ਨਹੀਂ ਸਕੇ ਤਾਂ ਕੀ ਇਸ ਮਾਇਆ ਤੋਂ ਬਚਣ ਦਾ ਕੋਈ ਸਾਧਨ ਜਾਂ ਤਰੀਕਾ ਨਹੀਂ ਹੈ?

ਸਤਿਗੁਰੂ ਜੀ ਨੇ ਗੁਰਬਾਣੀ ਵਿੱਚ ਅਗਵਾਈ ਦਿੱਤੀ ਹੈ ਕਿ ਐ ਜੀਵ! ਇਹ ਮਾਇਆ ਨਾ ਤਾਂ ਮਾਰਿਆਂ ਮਰਨੀ ਹੈ ਅਤੇ ਨਾ ਹੀ ਇਸ ਨੂੰ ਕਿਸੇ ਹੱਟੀ ਤੇ ਵੇਚ ਕੇ ਹੀ ਖ਼ਤਮ ਕੀਤਾ ਜਾ ਸਕਦਾ ਹੈ। ਕੇਵਲ ਪੂਰੇ ਸਤਿਗੁਰੂ ਜੀ ਦੀ ਸ਼ਰਨ ਵਿੱਚ ਪੈ ਕੇ ਗੁਰੂ ਸਾਹਿਬ ਜੀ ਦੇ ਸ਼ਬਦ ਦੀ ਕਮਾਈ ਕਰਕੇ ਹੀ ਇਸ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਕੇਵਲ ਛੁਟਕਾਰਾ ਹੀ ਨਹੀਂ ਸਗੋਂ ਇਸ ਮਾਇਆ ਨੂੰ ਚੰਗੀ ਤਰ੍ਹਾਂ ਸਾੜਿਆ ਭੀ ਜਾ ਸਕਦਾ ਹੈ। ਇਸ ਤੋਂ ਬਾਅਦ ਆਤਮਾ ਉੱਜਲ (ਪਵਿੱਤ੍ਰ) ਹੋ ਜਾਂਦੀ ਹੈ, ਜਿਸ ਸਦਕਾ ਪ੍ਰਭੂ ਦੇ ਨਾਮ-ਰਸ ਨੂੰ ਮਾਣਿਆ ਜਾ ਸਕਦਾ ਹੈ ਅਤੇ ਪ੍ਰਭੂ ਜੀ, ਜੀਵਨ-ਮੁਕਤੀ ਦੀ ਦਾਤ ਬਖ਼ਸ਼ ਦਿੰਦੇ ਹਨ :

ਹਉਮੈ ਮਾਇਆ ਮੋਹਣੀ ਦੂਜੈ ਲਗੈ ਜਾਇ॥
ਨਾ ਇਹ ਮਾਰੀ ਨ ਮਰੈ ਨਾ ਇਹ ਹਟਿ ਵਿਕਾਇ॥
ਗੁਰ ਕੈ ਸਬਦਿ ਪਰਜਾਲੀਐ ਤਾ ਇਹ ਵਿਚਹੁ ਜਾਇ॥
ਤਨੁ ਮਨੁ ਹੋਵੈ ਉਜਲਾ ਨਾਮੁ ਵਸੈ ਮਨਿ ਆਇ॥
ਨਾਨਕ ਮਾਇਆ ਕਾ ਮਾਰਣੁ ਸਬਦੁ ਹੈ ਗੁਰਮੁਖਿ ਪਾਇਆ ਜਾਇ॥੨॥
(ਮ: ੩, ਅੰਗ ੮੫੩)

ਹੇ ਭਾਈ! ਇਸ ਹਉਮੈ ਨੇ (ਇਸ ਮਾਇਆ ਨੇ) ਜੀਵ ਨੂੰ ਕਦੇ ਆਪਣੇ ਅਸਲੀ ਪ੍ਰਮਾਤਮਾ ਨਾਲ ਮਿਲਣ ਨਹੀਂ ਦਿੱਤਾ। ਇਹ ਸਰੀਰ ਸੋਨੇ ਵਰਗਾ ਕੀਮਤੀ ਸੀ, ਪਰ ਇਸ ਹਉਮੈ ਨੇ ਮਾਰ ਕੇ ਖ਼ੁਆਰ ਕਰ ਦਿੱਤਾ ਹੈ। ਮਾਇਆ ਦਾ ਮੋਹ ਨਿਰੀ ਕਾਲਖ ਹੈ ਪਰ ਇਸ ਮੂਰਖ ਮਨੁੱਖ ਨੇ ਇਸ ਮਾਇਆ ਰੂਪੀ ਕਾਲਖ ਨਾਲ ਹੀ ਆਪ ਨੂੰ ਜੋੜ ਰੱਖਿਆ ਹੈ। ਜਿਹਨਾਂ ਨੇ ਗੁਰਮੁਖ ਬਣ ਕੇ ਗੁਰੂ-ਸ਼ਬਦ ਦੀ ਕਮਾਈ ਕੀਤੀ ਹੈ, ਉਹ ਹਉਮੈ ਤੇ ਮਾਇਆ ਤੋਂ ਅਜ਼ਾਦ ਹੋ ਗਏ ਹਨ। ਸਤਿਗੁਰੂ ਜੀ ਫਰਮਾਨ ਕਰਦੇ ਹਨ ਕਿ:

ਮਾਰੇਹਿਸੁ ਵੇ ਜਨ ਹਉਮੈ ਬਿਖਿਆ
ਜਿਨਿ ਹਰਿ ਪ੍ਰਭ ਮਿਲਣ ਨ ਦਿਤੀਆ॥
ਦੇਹ ਕੰਚਨ ਵੇ ਵੰਨੀਆ ਇਨਿ ਹਉਮੈ ਮਾਰਿ ਵਿਗੁਤੀਆ॥
ਮੋਹੁ ਮਾਇਆ ਵੇ ਸਭ ਕਾਲਖਾ ਇਨਿ ਮਨਮੁਖਿ ਮੂੜਿ ਸਜੁਤੀਆ॥
ਜਨ ਨਾਨਕ ਗੁਰਮੁਖਿ ਉਬਰੇ ਗੁਰ ਸਬਦੀ ਹਉਮੈ ਛੁਟੀਆ॥੧॥
(ਸੂਹੀ ਛੰਤ ਮ: ੪, ਅੰਗ ੭੭੬)

ਤੀਸਰੇ ਗੁਰਦੇਵ ਸਤਿਗੁਰੂ, ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਮਾਇਆ ਤੋਂ ਛੁਟਕਾਰਾ ਪਾਉਣ ਲਈ ਰਸਤਾ ਦੱਸਦੇ ਹਨ ਕਿ ਪਿਆਰ ਦੇ ਨਾਲ ਗੁਰੂ ਜੀ ਦੇ ਸ਼ਬਦ ਦੀ ਭਗਤੀ (ਕਮਾਈ) ਕਰਨ ਨਾਲ ਮਾਇਆ ਦਾ ਭਰਮ ਸੜ ਜਾਂਦਾ ਹੈ ਤੇ ਅਸਲੀਅਤ ਪ੍ਰਗਟ ਹੋ ਜਾਂਦੀ ਹੈ :

ਬਿਨੁ ਪ੍ਰੀਤੀ ਭਗਤਿ ਨ ਹੋਵਈ ਬਿਨੁ ਸਬਦੈ ਥਾਇ ਨ ਪਾਇ॥
ਸਬਦੇ ਹਉਮੈ ਮਾਰੀਐ ਮਾਇਆ ਕਾ ਭ੍ਰਮੁ ਜਾਇ॥
ਨਾਮੁ ਪਦਾਰਥੁ ਪਾਈਐ ਗੁਰਮੁਖਿ ਸਹਜਿ ਸੁਭਾਇ॥੭॥
(ਸਿਰੀ ਰਾਗੁ ਮ: ੩, ਅੰਗ ੬੭)


ਪੰਜਵੇਂ ਸਤਿਗੁਰੂ ਜੀ ਭੀ ਦੱਸਦੇ ਹਨ ਕਿ ਅਸੀਂ ਆਪਣੇ ਸਤਿਗੁਰਾਂ ਤੋਂ ਬਲਿਹਾਰ ਜਾਂਦੇ ਹਾਂ, ਜਿਨ੍ਹਾਂ ਨੇ ਇਹ ਮਾਇਆ ਰੂਪੀ ਤਮਾਸ਼ੇ ਦੀ ਸਾਨੂੰ ਸੋਝੀ ਦੇ ਦਿੱਤੀ, ਜਿਸ ਮਾਇਆ ਦੀ ਲੁਕਵੀਂ ਅੱਗ ਵਿੱਚ ਸਾਰਾ ਸੰਸਾਰ ਸੜ-ਬਲ ਰਿਹਾ ਹੈ। ਭਗਤੀ ਕਰਨ ਵਾਲਿਆਂ ਨੂੰ ਗੁਰੂ ਜੀ ਨੇ ਮਾਇਆ ਦੇ ਸੇਕ ਤੋਂ ਬਚਾ ਲਿਆ ਹੈ:

(ਚਲਦਾ)

# ਈਰਾਨ 'ਚ ਅਮਰੀਕੀ ਪਾਇਲਟ ਦਾ ਇਤਿਹਾਸਕ ਰੈਸਕਿਊ

## ਟਰੰਪ ਨੇ ਸੁਣਾਈ 155 ਜਹਾਜ਼ਾਂ ਵਾਲੇ ਮਿਸ਼ਨ ਦੀ ਕਹਾਣੀ

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੈਨਿਕ ਇਤਿਹਾਸ ਦੇ ਸਭ ਤੋਂ ਵੱਡੇ ਅਤੇ ਗੁੰਝਲਦਾਰ 'ਕਾਮਬੈਟ ਸਰਚ ਐਂਡ ਰੈਸਕਿਊ' ਮਿਸ਼ਨ ਦੀ ਸਫਲਤਾ ਦਾ ਜਸ਼ਨ ਮਨਾਉਂਦਿਆਂ ਇੱਕ ਹੈਰਾਨੀਜਨਕ ਖੁਲਾਸਾ ਕੀਤਾ ਹੈ। ਉਨ੍ਹਾਂ ਦੱਸਿਆ ਕਿ ਈਰਾਨ ਦੇ ਦੁਸ਼ਮਣ ਇਲਾਕੇ ਵਿੱਚ ਡਿੱਗੇ ਇੱਕ ਅਮਰੀਕੀ 6-15 ਫਾਈਟਰ ਜੇਟ ਦੇ ਪਾਇਲਟ ਅਤੇ ਇੱਕ ਜ਼ਖਮੀ ਅਧਿਕਾਰੀ ਨੂੰ ਬਚਾਉਣ ਲਈ ਅਮਰੀਕਾ ਨੇ ਆਪਣੀ ਪੂਰੀ ਸੈਨਿਕ ਤਾਕਤ ਲਗਾ ਦਿੱਤੀ ਸੀ।



ਟਰੰਪ ਅਨੁਸਾਰ, ਇਹ ਜਹਾਜ਼ 'ਓਪਰੇਸ਼ਨ ਐਪਿਕ ਫਿਊਰੀ' ਤਹਿਤ ਮਿਸ਼ਨ 'ਤੇ ਸੀ, ਜਦੋਂ ਇਹ ਦੁਸ਼ਮਣ ਦੇ ਇਲਾਕੇ ਵਿੱਚ ਹਾਦਸਾਗ੍ਰਸਤ ਹੋ ਗਿਆ। ਉਨ੍ਹਾਂ ਦੱਸਿਆ ਕਿ ਪਹਿਲੇ ਪੜਾਅ ਵਿੱਚ 21 ਫੌਜੀ ਜਹਾਜ਼ ਦੁਸ਼ਮਣ ਦੇ ਹਵਾਈ ਖੇਤਰ ਵਿੱਚ ਭੇਜੇ ਗਏ ਸਨ, ਜਿੱਥੇ ਭਾਰੀ ਗੋਲੀਬਾਰੀ ਦੇ ਬਾਵਜੂਦ ਪਾਇਲਟ ਨੂੰ 'ਜੌਲੀ ਗ੍ਰੀਨ' ਹੈਲੀਕਾਪਟਰ ਦੀ ਮਦਦ ਨਾਲ ਸੁਰੱਖਿਅਤ ਬਾਹਰ ਕੱਢ ਲਿਆ ਗਿਆ।

ਸਭ ਤੋਂ ਚੁਣੌਤੀਪੂਰਨ ਕੰਮ ਦੂਜੇ ਕਰੂ ਮੈਂਬਰ (ਵੇਪਨ ਸਿਸਟਮ ਅਫਸਰ) ਨੂੰ ਬਚਾਉਣਾ ਸੀ, ਜੋ ਪਾਇਲਟ ਤੋਂ ਕਈ ਕਿਲੋਮੀਟਰ ਦੂਰ ਪਹਾੜੀ ਇਲਾਕੇ ਵਿੱਚ ਜਾ ਡਿੱਗਿਆ ਸੀ। ਉਹ ਗੰਭੀਰ ਰੂਪ ਵਿੱਚ ਜ਼ਖਮੀ ਸੀ ਅਤੇ ਇਰਾਨੀ ਰੈਵੋਲਿਊਸ਼ਨਰੀ ਗਾਰਡਜ਼ ਤੋਂ ਬਚਣ ਲਈ 48 ਘੰਟਿਆਂ ਤੱਕ ਪਹਾੜਾਂ ਵਿੱਚ ਛੁਪਿਆ ਰਿਹਾ। ਉਸ ਨੂੰ ਕੱਢਣ ਲਈ ਅਮਰੀਕਾ ਨੇ 155 ਜਹਾਜ਼ਾਂ ਦਾ ਇੱਕ ਵਿਸ਼ਾਲ ਬੇੜਾ ਭੇਜਿਆ, ਜਿਸ ਵਿੱਚ 4 ਬੰਬਾਰ, 64 ਫਾਈਟਰ ਜੇਟ, 48 ਰੀਫਿਊਲਿੰਗ ਟੈਂਕਰ ਅਤੇ 13 ਰੈਸਕਿਊ ਜਹਾਜ਼ ਸ਼ਾਮਲ ਸਨ।

ਇਸ ਮਿਸ਼ਨ ਦੀ ਸਫਲਤਾ 'ਤੇ ਬੋਲਦਿਆਂ ਟਰੰਪ ਨੇ ਕਿਹਾ ਕਿ ਅਮਰੀਕਾ ਕੋਲ ਇੰਨੀ ਤਾਕਤ ਹੈ ਕਿ ਉਹ ਕਿਸੇ ਵੀ ਦੇਸ਼ ਨੂੰ ਇੱਕ ਰਾਤ ਵਿੱਚ ਖ਼ਤਮ ਕਰ ਸਕਦਾ ਹੈ। ਉਨ੍ਹਾਂ ਦੱਸਿਆ ਕਿ ਪਿਛਲੇ 37 ਦਿਨਾਂ ਵਿੱਚ ਅਮਰੀਕੀ ਸੈਨਾ ਨੇ ਈਰਾਨ ਉੱਤੇ 10,000 ਤੋਂ ਵੱਧ ਉਡਾਣਾਂ ਭਰੀਆਂ ਹਨ ਅਤੇ 13,000 ਤੋਂ ਵੱਧ ਟਿਕਾਣਿਆਂ 'ਤੇ ਹਮਲੇ ਕੀਤੇ ਹਨ। ਟਰੰਪ ਨੇ ਦੁਹਰਾਇਆ ਕਿ ਅਮਰੀਕੀ ਸੈਨਾ ਦਾ ਸਿਧਾਂਤ ਸਪੱਸ਼ਟ ਹੈ – 'ਅਸੀਂ ਆਪਣੇ ਕਿਸੇ ਵੀ ਨਾਗਰਿਕ ਨੂੰ ਪਿੱਛੇ ਨਹੀਂ ਛੱਡਦੇ'।

# ਖੂਨੀ ਖੇਡ ਵਿਚਾਲੇ ਸ਼ਾਂਤੀ ਦੀ ਕੋਸ਼ਿਸ਼ ; ਈਰਾਨ 'ਚ 25 ਮੌਤਾਂ ਤੋਂ ਬਾਅਦ ਨਵਾਂ ਜੰਗਬੰਦੀ ਸਮਝੌਤਾ ਸਾਂਝਾ

ਦੁਬਈ/ਤੇਹਰਾਨ : ਪੱਛਮੀ ਏਸ਼ੀਆ ਵਿੱਚ ਜਾਰੀ ਜੰਗ ਨੇ ਬੇਹੱਦ ਭਿਆਨਕ ਰੂਪ ਧਾਰ ਲਿਆ ਹੈ। ਸੋਮਵਾਰ ਨੂੰ ਇਜ਼ਰਾਈਲ ਅਤੇ ਅਮਰੀਕਾ ਨੇ ਈਰਾਨ 'ਤੇ ਹੁਣ ਤੱਕ ਦੇ ਸਭ ਤੋਂ ਵੱਡੇ ਹਵਾਈ ਹਮਲੇ ਕੀਤੇ, ਜਿਸ ਵਿੱਚ 25 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ। ਇਨ੍ਹਾਂ ਹਮਲਿਆਂ ਦੇ ਜਵਾਬ ਵਿੱਚ ਈਰਾਨ ਨੇ ਵੀ ਇਜ਼ਰਾਈਲ ਅਤੇ ਗੁਆਂਢੀ ਖਾੜੀ ਦੇਸ਼ਾਂ 'ਤੇ ਮਿਜ਼ਾਈਲਾਂ ਦਾਗੀਆਂ ਹਨ। ਇਨ੍ਹਾਂ ਘਟਨਾਵਾਂ ਵਿਚਕਾਰ ਨਵਾਂ ਜੰਗਬੰਦੀ ਪ੍ਰਸਤਾਵ ਪੇਸ਼ ਕੀਤਾ ਗਿਆ ਹੈ, ਜਿਸ 'ਤੇ ਚਰਚਾ ਜਾਰੀ ਹੈ।

ਈਰਾਨੀ ਸਰਕਾਰੀ ਮੀਡੀਆ ਅਨੁਸਾਰ ਤਹਿਰਾਨ 'ਤੇ ਹੋਏ ਹਮਲੇ ਵਿੱਚ ਅਰਧ-ਸੈਨਿਕ ਬਲ ਰੈਵੋਲਿਊਸ਼ਨਰੀ ਗਾਰਡ ਦੇ ਖੁਫੀਆ ਮੁਖੀ ਮੇਜਰ ਜਨਰਲ ਮਾਜਿਦ ਖਾਦੇਮੀ ਦੀ ਮੌਤ ਹੋ ਗਈ। ਇਜ਼ਰਾਈਲ ਨੇ ਇਸ ਹੱਤਿਆ ਦੀ ਜ਼ਿੰਮੇਵਾਰੀ ਲਈ ਹੈ। ਸੋਮਵਾਰ ਸਵੇਰੇ ਹੋਈ ਬੰਬਾਰੀ ਵਿੱਚ ਤਹਿਰਾਨ ਦੀ ਪ੍ਰਸਿੱਧ ਸ਼ਰੀਫ ਟੈਕਨਾਲੋਜੀ ਯੂਨੀਵਰਸਿਟੀ ਅਤੇ ਇੱਕ ਕੁਦਰਤੀ ਗੈਸ ਵੰਡ ਕੇਂਦਰ ਨੂੰ ਨਿਸ਼ਾਨਾ ਬਣਾਇਆ ਗਿਆ। ਤਹਿਰਾਨ ਦੇ ਦੱਖਣ-ਪੱਛਮ ਵਿੱਚ ਸਥਿਤ



ਇਸਲਾਮਸ਼ਹਿਰ ਵਿੱਚ 15 ਅਤੇ ਕੋਮ ਦੇ ਰਿਹਾਇਸ਼ੀ ਇਲਾਕੇ ਵਿੱਚ 5 ਲੋਕਾਂ ਦੀ ਜਾਨ ਗਈ ਹੈ। ਈਰਾਨ ਵੱਲੋਂ ਕੀਤੇ ਗਏ ਜਵਾਬੀ ਹਮਲਿਆਂ ਵਿੱਚ ਉੱਤਰੀ ਇਜ਼ਰਾਈਲ ਦੇ ਸ਼ਹਿਰ ਹਾਈਫਾ ਨੂੰ ਨਿਸ਼ਾਨਾ ਬਣਾਇਆ ਗਿਆ, ਜਿੱਥੇ ਇੱਕ ਰਿਹਾਇਸ਼ੀ ਇਮਾਰਤ ਦੇ ਮਲਬੇ ਵਿੱਚੋਂ ਚਾਰ ਲੋਕਾਂ ਦੀਆਂ ਲਾਸ਼ਾਂ ਬਰਾਮਦ ਹੋਈਆਂ ਹਨ। ਤਣਾਅ ਵਧਦਾ ਦੇਖ ਕੁਵੈਤ, ਸੰਯੁਕਤ ਅਰਬ ਅਮੀਰਾ (UAE) ਅਤੇ ਸੌਦੀ ਅਰਬ ਨੇ ਈਰਾਨੀ ਮਿਜ਼ਾਈਲਾਂ ਅਤੇ ਡਰੋਨਾਂ ਨੂੰ ਰੋਕਣ ਲਈ ਆਪਣੀ ਹਵਾਈ ਰੱਖਿਆ ਪ੍ਰਣਾਲੀ (Air Defense) ਨੂੰ ਸਰਗਰਮ ਕਰ ਦਿੱਤਾ ਹੈ। ਜੰਗ ਕਾਰਨ ਗਲੋਬਲ ਬਾਜ਼ਾਰ ਵਿੱਚ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਭਾਰੀ ਉਛਾਲ ਆਇਆ ਹੈ। ਸੋਮਵਾਰ ਸਵੇਰੇ ਬ੍ਰੈਂਟ ਕਰੂਡ ਦੀ ਕੀਮਤ 109 ਡਾਲਰ ਪ੍ਰਤੀ ਬੈਰਲ ਤੱਕ ਪਹੁੰਚ ਗਈ, ਜੋ ਜੰਗ ਸ਼ੁਰੂ ਹੋਣ ਤੋਂ ਬਾਅਦ ਲਗਭਗ 50 ਫੀਸਦੀ ਦਾ ਵਾਧਾ ਹੈ। ਇਸ ਦੌਰਾਨ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ ਨੂੰ ਆਖਰੀ ਚੇਤਾਵਨੀ ਦਿੱਤੀ ਹੈ ਕਿ ਜੇਕਰ ਹੋਰਮੁਜ਼ ਜਲਡਮਰੂਮੱਧ ਨਾ ਖੋਲ੍ਹਿਆ ਗਿਆ, ਤਾਂ ਅਮਰੀਕਾ ਈਰਾਨ ਦੇ ਬਿਜਲੀ ਘਰਾਂ ਅਤੇ ਪੁਲਾਂ ਨੂੰ ਨਿਸ਼ਾਨਾ ਬਣਾ ਕੇ ਦੇਸ਼ ਨੂੰ 'ਪੱਥਰ ਯੁੱਗ' ਵਿੱਚ ਪਹੁੰਚਾ ਦੇਵੇਗਾ।

# ਸਨੀ ਹਾਈ ਸਕੂਲ ਦੇ ਪੰਜਾਬੀ ਵਿਦਿਆਰਥੀ ਨੇ 50 ਹਜ਼ਾਰ ਡਾਲਰ ਦੀ ਸਕਾਲਰਸ਼ਿੱਪ ਜਿੱਤੀ




ਮਨਵੀਰ ਸਿੰਘ ਸਕਾਲਰਸ਼ਿੱਪ ਦਾ ਚੈੱਕ ਲੈਂਦੇ ਹੋਏ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਸਨੀ ਹਿਲਜ ਹਾਈ ਸਕੂਲ ਦੇ ਵਿਦਿਆਰਥੀ ਮਨਵੀਰ ਸਿੰਘ ਅਨੰਦ ਦਾ 50 ਹਜਾਰ ਡਾਲਰ ਦੀ ਐਡੀਸਨ ਸਕਾਲਰਸ਼ਿੱਪ ਨਾਲ ਸਨਮਾਨ ਕੀਤਾ ਗਿਆ। ਇਹ ਸਕਾਲਰਸ਼ਿੱਪ ਉੱਚ ਪ੍ਰਾਪਤੀਆਂ ਵਾਲੇ ਵਿਦਿਆਰਥੀਆਂ ਨੂੰ ਦਿੱਤੀ ਜਾਂਦੀ ਹੈ। ਐਡੀਸਨ ਸਕਾਲਰਸ਼ਿੱਪ ਪ੍ਰੋਗਰਾਮ ਉਨਾਂ ਵਿਦਿਆਰਥੀਆਂ ਦੀ ਸਹਾਇਤਾ ਲਈ ਸ਼ੁਰੂ ਕੀਤਾ ਗਿਆ ਸੀ ਜੋ ਵਿਦਿਆਰਥੀ ਗੁੰਝਲਦਾਰ ਸਮੱਸਿਆਵਾਂ ਦੇ ਹੱਲ ਲਈ ਟੈਕਨੀਕਲ ਡਿਗਰੀ ਕਰਨਾ ਚਹੁੰਦੇ ਹਨ। ਇਸ ਮੌਕੇ ਮਨਵੀਰ ਸਿੰਘ ਦੇ ਪਰਿਵਾਰਕ ਮੈਂਬਰ ਵੀ ਹਾਜਰ ਸਨ। ਅਨੰਦ ਜੋ ਪੰਜਾਬੀ ਬੋਲਦੇ ਹਨ, 'ਅਪਲਾਈਡ ਮੈਥੇਮੈਟਿਕਸ' ਵਿੱਚ ਮਾਨਵੀ ਕਦਰਾਂ ਕੀਮਤਾਂ 'ਤੇ ਆਪਣਾ ਅਕਾਦਮਿਕ ਕਰੀਅਰ ਬਣਾਉਣਾ ਚਹੁੰਦੇ ਹਨ। ਉਸ ਦਾ ਟੀਚਾ ਇਕ ਅਜਿਹਾ ਭਵਿੱਖੀ ਮਾਡਲ ਤੇ ਗਣਿਤ ਵਿਧੀ ਤਿਆਰ ਕਰਨਾ ਹੈ ਜੋ ਬੇਆਸਰਿਆਂ, ਫੂਡ ਬੈਂਕਾਂ ਤੇ ਜਨਤਿਕ ਰਸੋਈਆਂ ਦੀ ਉਨਾਂ ਦੇ ਸਾਧਨਾਂ ਅਨੁਸਾਰ ਸਹਾਈ ਹੋ ਸਕੇ। ਉਸ ਦਾ ਵਿਸ਼ਵਾਸ਼ ਹੈ ਕਿ ਸਥਾਨਕ ਸਹਾਇਤਾ ਘੇਰਾ ਵਧਣ ਦੇ ਨਾਲ-ਨਾਲ ਉਹ ਭੋਜਨ ਦੀ ਬਰਬਾਦੀ ਨੂੰ ਰੋਕ ਸਕਣਗੇ।

# ਡਰੱਗ ਮਾਮਲੇ ਵਿੱਚ ਗੁਰਅਮ੍ਰਿਤ ਸਿੱਧੂ ਨੇ ਆਪਣਾ ਗੁਨਾਹ ਕਬੂਲਿਆ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ)- ਬਰੈਂਪਟਨ ਵਾਸੀ ਗੁਰਅਮ੍ਰਿਤ ਸਿੱਧੂ ਜਿਸ ਨੂੰ 2024 ਵਿਚ ਡਰੱਗ ਮਾਮਲੇ ਦਾ ਸਾਹਮਣਾ ਕਰਨ ਲਈ ਅਮਰੀਕਾ ਦੇ ਸਪੁਰਦ ਕੀਤਾ ਗਿਆ ਸੀ, ਨੇ ਲਾਸ ਏਂਜਲਸ ਦੀ ਇਕ ਸੰਘੀ ਅਦਾਲਤ ਵਿੱਚ ਆਪਣੇ ਵਿਰੁੱਧ ਲੱਗੇ ਵੱਡੀ ਪੱਧਰ 'ਤੇ ਡਰੱਗ ਤਸਕਰੀ ਕਰਨ ਦੇ ਦੋਸ਼ਾਂ ਨੂੰ ਮੰਨ ਲਿਆ ਹੈ। 62 ਸਾਲਾ ਸਿੱਧੂ ਜਿਸ ਨੂੰ ਕੌਮਾਂਤਰੀ ਡਰੱਗ ਟਰੈਫਿਕਿੰਗ ਸਿੰਡੀਕੇਡ ਦਾ ਸਰਗਰਨਾ ਮੰਨਿਆ ਜਾਂਦਾ ਹੈ, ਨੇ ਅਦਾਲਤ ਵਿੱਚ ਦਰਖਾਸਤ ਦਾਇਰ ਕਰਕੇ ਸਵਿਕਾਰ ਕੀਤਾ ਕਿ ਉਹ ਵੱਡੀ ਪੱਧਰ 'ਤੇ ਡਰੱਗ ਦੇ ਕਾਰੋਬਾਰ ਵਿੱਚ ਸ਼ਾਮਿਲ ਰਿਹਾ ਹੈ। ਸਿੱਧੂ ਵਿਰੁੱਧ ਦੋਸ਼ ਹਨ ਕਿ ਉਸ ਨੇ 2022 ਦੇ ਅੰਤ ਵਿੱਚ 5 ਹਫਤਿਆਂ ਦੌਰਾਨ 1.7 ਕਰੋੜ ਡਾਲਰ ਮੁੱਲ ਦੀ ਮੈਥੰਫੇਟਾਮਾਈਨ ਤੇ ਕੋਕੀਨ ਅਮਰੀਕਾ ਤੋਂ ਕੈਨੇਡਾ ਭੇਜੀ। ਸੰਘੀ ਵਕੀਲਾਂ ਤੇ ਅਦਾਲਤੀ ਦਸਤਾਵੇਜਾਂ ਅਨੁਸਾਰ ਸਿੱਧੂ ਦੀ ਸਿੰਡੀਕੇਟ ਅਮਰੀਕਾ ਵਿੱਚੋਂ ਥੋਕ ਵਿੱਚ ਡਰੱਗ ਖਰੀਦ ਕੇ ਉਸ ਨੂੰ ਸੈਮੀ ਟਰੱਕਾਂ ਰਾਹੀਂ ਕੈਨੇਡਾ ਭੇਜਦੀ ਸੀ ਜਿਥੇ ਇਹ ਡਰੱਗ ਵੇਚਿਆ ਜਾਂਦਾ ਸੀ। ਲਾਅ ਇਨਫੋਰਸਮੈਂਟ ਅਧਿਕਾਰੀਆਂ ਨੇ ਸੰਤਬਰ ਤੇ ਅਕਤੂਬਰ ਦਰਮਿਆਨ ਸਿੱਧੂ ਦੁਆਰਾ ਭੇਜੀਆਂ ਵੱਖ ਵੱਖ 8 ਖੇਪਾਂ ਨੂੰ ਫੜਿਆ ਜਿਨਾਂ ਵਿੱਚ 523 ਕਿਲੋਗ੍ਰਾਮ ਮੈਥੰਫੇਟਾਮਾਈਨ ਤੇ 347 ਕਿਲੋਗ੍ਰਾਮ ਕੋਕੀਨ ਸ਼ਾਮਿਲ ਸੀ। ਇਸ ਮਾਮਲੇ ਵਿੱਚ ਕੁਲ 19 ਸ਼ੱਕੀ ਦੋਸ਼ੀ ਸ਼ਾਮਿਲ ਹਨ ਜਿਨਾਂ ਵਿੱਚੋਂ ਸਿੱਧੂ ਸਤਵੇਂ ਦੋਸ਼ੀ ਹਨ ਜਿਸ ਨੇ ਗੁਨਾਹ ਦਰਖਾਸਤ ਦਾਇਰ ਕੀਤੀ ਹੈ। ਉਸ ਦੇ ਸਾਥੀ ਦੋਸ਼ੀਆਂ ਨੂੰ 2 ਤੋਂ 9 ਸਾਲ ਸਜ਼ਾ ਹੋਈ ਹੈ ਜਦ ਕਿ ਸਿੱਧੂ ਦੀ ਭੂਮਿਕਾ ਇੱਕ ਸਰਗਨੇ ਦੀ ਹੈ, ਉਸ ਨੂੰ ਗੰਭੀਰ ਕਾਨੂੰਨੀ ਸਿੱਟਿਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਯੂ ਐਸ ਡਿਸਟ੍ਰਿਕਟ ਜੱਜ ਜੌਹਨ ਏ ਕਰੋਨਸਟਾਡਟ ਨੇ ਸਿੱਧੂ ਨੂੰ ਸਜ਼ਾ ਸੁਣਾਉਣ ਲਈ 9 ਜੁਲਾਈ ਤਰੀਕ ਤੈਅ ਕੀਤੀ ਹੈ।

# ਸਿਹਤ ਸਕੀਮਾਂ ਤਹਿਤ ਲੱਖਾਂ ਡਾਲਰਾਂ ਦਾ ਚੂਨਾ ਲਾਉਣ ਦੇ ਦੋਸ਼ਾਂ ਤਹਿਤ ਭਾਰਤੀ ਮੂਲ ਦੇ ਜੋੜੇ ਸਮੇਤ 8 ਗ੍ਰਿਫਤਾਰ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਰਜਿਸਟਰਡ 70 ਸਾਲਾ ਨਰਸ ਅਮੇਲੂ ਗਿੱਲ ਤੇ ਉਸ ਦੇ ਪਤੀ ਸਾਇਕਾਲੋਜਿਸਟ ਗਲੈਡਵਿਨ ਗਿੱਲ (66) ਸਮੇਤ 8 ਜਣਿਆਂ ਨੂੰ ਸਿਹਤ ਫਰਾਡ ਸਕੀਮਾਂ ਤਹਿਤ ਲੱਖਾਂ ਡਾਲਰਾਂ ਦੀ ਧੋਖਾਧੜੀ ਕਰਨ ਦੇ ਵੱਖ ਵੱਖ ਸੰਘੀ ਦੋਸ਼ਾਂ ਤਹਿਤ ਗ੍ਰਿਫਤਾਰ ਕੀਤਾ ਗਿਆ ਹੈ। ਜੋੜੇ ਨੂੰ ਕੈਲੀਫੋਰਨੀਆ ਦੀ ਲਾਸ ਏਂਜਲਸ ਕਾਊਂਟੀ ਦੇ ਸ਼ਹਿਰ ਕੋਵਿਨਾ ਵਿੱਚ ਉਨਾਂ ਦੇ ਘਰੋਂ ਤੜਕਸਾਰ ਗ੍ਰਿਫਤਾਰ ਕੀਤਾ ਗਿਆ ਹੈ। ਸੰਘੀ ਵਕੀਲਾਂ ਅਨੁਸਾਰ ਪਤੀ-ਪਤਨੀ ਅਨਾਹੀਮ ਵਿੱਚ ਸੇਂਟ ਫਰਾਂਸਿਸ ਪਾਲਾਟਿਵ ਕੇਅਰ ਦੇ ਮਾਲਕ ਹਨ। ਉਨਾਂ ਨੇ 52 ਲੱਖ ਡਾਲਰਾਂ ਤੋਂ ਵਧ ਦੇ ਫਰਜੀ ਦਾਅਵੇ ਕੀਤੇ ਤੇ ਜਿਨ੍ਹਾਂ ਲਈ ਮੈਡੀਕੇਅਰ ਵਿਵਸਥਾ ਤੇ ਹੋਰ ਬੀਮਾ ਕੰਪਨੀਆਂ ਨੇ ਅੰਦਾਜਨ 40 ਲੱਖ ਡਾਲਰਾਂ ਦੀ ਅਦਾਇਗੀ ਕੀਤੀ। ਫਸਟ ਅਸਿਸਟੈਂਟ ਯੂ ਐਸ ਅਟਰਾਨੀ ਬਿੱਲ ਐਸੇਲੀ ਨੇ ਕਿਹਾ ਕਿ ਗ੍ਰਿਫਤਾਰ ਮੁਲਜ਼ਮਾਂ ਵਿੱਚ 3 ਨਰਸਾਂ, ਇੱਕ ਕਿਰੋਪ੍ਰੈਕਟਰ ਤੇ ਇੱਕ ਸਾਇਕਾਲੋਜਿਸਟ ਸ਼ਾਮਿਲ ਹੈ ਜਿਨਾਂ ਨੂੰ ਵੱਖ ਵੱਖ ਮਾਮਲਿਆਂ ਵਿੱਚ ਨਾਮਜ਼ਦ ਕੀਤਾ ਗਿਆ ਹੈ। ਇਨ੍ਹਾਂ ਤੋਂ ਇਲਾਵਾ ਇਦਾਹੋ ਦੇ ਇਕ ਵਿਅਕਤੀ ਤੇ ਲਾਸ ਏਂਜਲਸ ਖੇਤਰ ਦੇ ਇਕ ਹੋਰ ਵਿਅਕਤੀ ਨੂੰ ਕਥਿੱਤ ਤੌਰ 'ਤੇ ਲੇਬਰ ਯੂਨੀਅਨ ਦੀਆਂ ਸਿਹਤ ਯੋਜਨਾਵਾਂ ਤਹਿਤ ਧੋਖਾਧੜੀ ਕਰਨ ਦੇ ਮਾਮਲਿਆਂ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ।

# ਇਕ ਰਾਤ 'ਚ ਹੀ ਪੂਰਾ ਈਰਾਨ ਖ਼ਤਮ ਕਰ ਦੇਵਾਂਗਾ : ਟਰੰਪ ਦੀ ਖੁੱਲ੍ਹੀ ਧਮਕੀ

## ਕਿਹਾ, ਦੁਸ਼ਮਣ ਦੇਸ਼ 'ਚੋਂ ਦੋਵਾਂ ਪਾਇਲਟਾਂ ਨੂੰ ਸੁਰੱਖਿਅਤ ਬਚਾਉਣਾ ਸਾਡੀ ਫ਼ੌਜ ਦਾ ਇਤਿਹਾਸਕ ਕਾਰਨਾਮਾ



ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੋਮਵਾਰ ਨੂੰ ਧਮਕੀ ਦਿੱਤੀ ਕਿ ਜੇਕਰ ਈਰਾਨ ਮੰਗਲਵਾਰ ਰਾਤ ਤੱਕ ਕਿਸੇ ਸਮਝੌਤੇ 'ਤੇ ਸਹਿਮਤ ਨਹੀਂ ਹੁੰਦਾ ਤਾਂ ਉਹ ਚਾਰ ਘੰਟਿਆਂ ਦੇ ਅੰਦਰ-ਅੰਦਰ ਉਸ ਨੂੰ ਤਬਾਹ ਕਰ ਦੇਣਗੇ, ਜਦੋਂਕਿ ਪਾਵਰ ਪਲਾਂਟਾਂ ਅਤੇ ਪੁਲਾਂ 'ਤੇ ਹਮਲਿਆਂ ਦੀ ਸਥਿਤੀ ਵਿਚ ਸੰਭਾਵਿਤ ਯੁੱਧ ਅਪਰਾਧਾਂ ਦੇ ਦੋਸ਼ਾਂ ਨੂੰ ਰੱਦ ਕਰ ਦਿੱਤਾ। ਟਰੰਪ ਨੇ ਵਾਈਟ ਹਾਊਸ ਵਿਖੇ ਇਕ ਪ੍ਰੈੱਸ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਡੀ ਫ਼ੌਜ ਦੀ ਤਾਕਤ ਦੇ ਕਾਰਨ, ਸਾਡੀ ਇਕ ਯੋਜਨਾ ਹੈ ਜਿਥੇ ਈਰਾਨ ਦੇ ਹਰ ਪੁਲ ਨੂੰ ਢਾਹ ਦਿੱਤਾ ਜਾਵੇਗਾ, ਜਿੱਥੇ ਈਰਾਨ ਦਾ ਹਰ ਪਾਵਰ ਪਲਾਂਟ ਕਾਰੋਬਾਰ ਤੋਂ ਬਾਹਰ ਹੋ ਜਾਵੇਗਾ, ਸੜ ਜਾਵੇਗਾ ਅਤੇ ਦੁਬਾਰਾ ਕਦੇ ਵੀ ਵਰਤੋਂ ਵਿਚ ਨਹੀਂ ਆਵੇਗਾ, ਮੇਰਾ ਮਤਲਬ ਹੈ ਕਿ ਰਾਤ 12 ਵਜੇ ਤੱਕ ਪੂਰੀ ਤਰ੍ਹਾਂ ਢਾਹ ਦਿੱਤਾ ਜਾਵੇਗਾ ਅਤੇ ਜੇ ਅਸੀਂ ਚਾਹੁੰਦੇ ਹਾਂ ਤਾਂ ਇਹ ਚਾਰ ਘੰਟਿਆਂ ਦੀ ਮਿਆਦ ਵਿਚ ਹੋ ਜਾਵੇਗਾ। ਟਰੰਪ ਨੇ ਈਰਾਨ ਨੂੰ ਅਮਰੀਕਾ ਨਾਲ ਇਕ ਸਮਝੌਤਾ ਕਰਨ ਅਤੇ ਮੰਗਲਵਾਰ ਰਾਤ 8 ਵਜੇ ਤੱਕ ਤੇਲ ਦੀ ਸੁਤੰਤਰ ਆਵਾਜਾਈ ਲਈ ਹੋਰਮੁਜ਼ ਜਲਡਮਰੂ ਖੋਲ੍ਹਣ ਲਈ ਕਿਹਾ। ਉਨ੍ਹਾਂ ਕਿਹਾ ਕਿ ਅਮਰੀਕਾ ਏਨੀ ਸਮਰੱਥਾ ਰੱਖਦਾ ਹੈ ਕਿ ਉਹ ਇਕ ਰਾਤ 'ਚ ਈਰਾਨ ਨੂੰ ਪੂਰੀ ਤਰ੍ਹਾਂ ਤਬਾਹ ਕਰ ਸਕਦਾ ਹੈ ਅਤੇ ਇਹ ਰਾਤ ਕੱਲ੍ਹ ਦੀ ਰਾਤ ਵੀ ਹੋ ਸਕਦੀ ਹੈ। ਉਨ੍ਹਾਂ ਖੁੱਲ੍ਹੀ ਧਮਕੀ ਦਿੱਤੀ ਕਿ ਕੱਲ੍ਹ (ਮੰਗਲਵਾਰ) ਨੂੰ ਇਕ ਵੱਡਾ ਹਮਲਾ ਵੀ ਹੋ ਸਕਦਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਅਸੀਂ ਈਰਾਨ 'ਚ ਸਭ ਤੋਂ ਵੱਡਾ ਰੈਸਕਿਉ ਆਪ੍ਰੇਸ਼ਨ ਚਲਾਇਆ ਤੇ ਆਪਣੇ ਦੋਵੇਂ ਪਾਇਲਟ ਸੁਰੱਖਿਅਤ ਬਚਾਅ ਲਏ। ਟਰੰਪ ਨੇ ਕਿਹਾ ਕਿ ਇਸ ਆਪ੍ਰੇਸ਼ਨ ਲਈ ਅਸੀਂ 21 ਜਹਾਜ਼ ਭੇਜੇ ਸਨ। ਸਾਡਾ ਇਕ ਪਾਇਲਟ ਜ਼ਖ਼ਮੀ ਹੋ ਗਿਆ ਸੀ ਪਰ ਅਸੀਂ ਹੌਸਲਾ ਨਹੀਂ ਹਾਰਿਆ। ਅਸੀਂ ਦੁਸ਼ਮਣ ਦੇਸ਼ ਦੇ ਅੰਦਰ ਤੱਕ ਜਾ ਵੜੇ। ਉਨ੍ਹਾਂ ਕਿਹਾ ਕਿ ਸਾਡੀ ਫ਼ੌਜ ਵਰਗੀ ਕਿਸੇ ਵੀ ਹੋਰ ਦੇਸ਼ ਕੋਲ ਫ਼ੌਜ ਨਹੀਂ ਹੈ। ਇਹ ਸਾਡੀ ਫ਼ੌਜ ਦਾ ਇਕ ਇਤਿਹਾਸਕ ਕਾਰਨਾਮਾ ਹੈ। ਉਨ੍ਹਾਂ ਕਿਹਾ ਕਿ ਇਹ ਬਹੁਤ ਹੀ ਖ਼ਤਰਾ ਮੁੱਲ ਲੈਣ ਵਾਲਾ ਫ਼ੈਸਲਾ ਸੀ, ਕਿਉਂਕਿ ਅਸੀਂ 1-2 ਪਾਇਲਟ ਨੂੰ ਦੁਸ਼ਮਣ ਦੇਸ਼ 'ਚੋਂ ਕੱਢਣ ਲਈ 100 ਜਾਨਾਂ ਨੂੰ ਦਾਅ 'ਤੇ ਲਗਾ ਦਿੱਤਾ ਸੀ। ਇਸ ਦੌਰਾਨ ਟਰੰਪ ਨੇ ਇਕ ਜ਼ਖ਼ਮੀ ਪਾਇਲਟ ਦੀ ਬਹਾਦਰੀ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਜਦੋਂ ਇਕ ਐਫ-15ਈ ਲੜਾਕੂ ਜਹਾਜ਼ ਨੂੰ ਤਬਾਹ ਕਰ ਦਿੱਤਾ ਗਿਆ, ਤਾਂ ਉਸ ਵਿਚ ਸਵਾਰ ਪਾਇਲਟ ਪੈਰਾਸ਼ੂਟ ਰਾਹੀਂ ਸੁਰੱਖਿਅਤ ਜਗ੍ਹਾ 'ਤੇ ਪਹੁੰਚ ਗਿਆ ਅਤੇ ਗੰਭੀਰ ਹਾਲਤ ਵਿਚ ਹੋਣ ਦੇ ਬਾਵਜੂਦ, ਆਪਣੇ ਬਚਾਅ ਲਈ ਯਤਨਸ਼ੀਲ ਕਰਦਾ ਰਿਹਾ। ਉਨ੍ਹਾਂ ਕਿਹਾ ਕਿ ਪਹਾੜੀ ਇਲਾਕਿਆਂ ਵਿਚ ਜ਼ਖ਼ਮੀ ਹੋਣ ਦੇ ਬਾਵਜੂਦ ਉਹ ਚੜ੍ਹਦਾ ਰਿਹਾ, ਉਸ ਦੇ ਚਿਹਰੇ ਤੋਂ ਖ਼ੂਨ ਵਗ ਰਿਹਾ ਸੀ। ਫਿਰ ਵੀ ਉਹ ਕਦੇ ਵੀ ਹੌਸਲਾ ਨਹੀਂ ਹਾਰਿਆ।



CALL US: 209-637-0210 | 612-578-8078
925-495-0207

SAN RAMON
Lathrop & Main Street Manteca
URGENT CARE & CLINIC

# CITIZENSHIP ELIGIBILITY AND GREEN CARD APPLICATION

DR. RAJESH MAHESHWARI, MD

VISIT US NOW!

SAN RAMON
San Ramon
URGENT CARE & CLINIC
9140 Alcosta Boulevard Ste D
San Ramon, CA 94583
(925) 361-5959

LATHROP
Lathrop
URGENT CARE
15810 Harlan Road #A
Lathrop, CA 95330
(209) 983-9000

MAIN STREET
Main Street
URGENT CARE
1040 North Main Street
Manteca, CA 95336
(209) 825-5155

https://www.sanramonurgentcare.com/

Email us at info@sanramonucc.com



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਏ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

**(ਪਿਛਲੇ ਅੰਕ ਦੀ ਬਾਕੀ)**

ਜਿਸ ਪਵਿੱਤਰ ਦਿਹਾੜੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ੁਦ ਅੰਮ੍ਰਿਤ ਛਕਿਆ ਸੀ, ਉਥੇ 12 ਅਪ੍ਰੈਲ ਨੂੰ ਉਹ ਵੀ ਅੰਮ੍ਰਿਤ ਛਕ ਕੇ ਸਿੰਘ ਸਜ ਜਾਣਗੇ। ਅਸੀਂ ਸਭ ਭਾਈਆਂ ਨੂੰ ਇਹ ਦੱਸ ਦੇਣਾ ਚਾਹੁੰਦੇ ਹਾਂ ਕਿ ਜਦੋਂ ਉਹ ਸਾਡੇ ਬਹਾਦਰ ਕੌਮੀ ਸੇਵਕ ਲੀਡਰ ਉਧਰੋਂ ਮੁੜ ਆਉਣਗੇ ਤਾਂ ਅਸੀਂ ਵੀ ਅੰਮ੍ਰਿਤ ਛਕ ਕੇ ਸਿੰਘ ਸਜ ਜਾਵਾਂਗੇ ਅਤੇ ਉਨ੍ਹਾਂ ਨਾਲ ਮਿਲ ਕੇ ਛੂਤ-ਛਾਤ ਦਾ ਨਾਸ਼ ਕਰਨ ਲਈ ਲੱਕ ਬੰਨ੍ਹ ਕੇ ਇਸ ਅਗਿਆਨ ਦੇ ਵਿਰੁੱਧ ਜੰਗ ਕਰਾਂਗੇ।

ਪ੍ਰਾਰਥਕ : 1. ਐਮ.ਕੇ. ਕ੍ਰਿਸ਼ਨਨ, 2. ਟੀ.ਕੇ. ਪ੍ਰਮੇਸ਼ੂਰਨ, 3. ਸੀ.ਕੇ. ਪਲਮਨਾਭਨ, 4. ਕੇ.ਆਰ. ਗੋਪਾਲਨ, 5. ਕੇ.ਕੇ. ਕੇਸ਼ਵਨ, 6. ਯੂ.ਵੀ. ਸ਼ਾਗੁਨ, 7. ਐਮ.ਕੇ. ਵੇਲਾਯੂਥਨ, 8. ਕੇ.ਏ.ਰਾਮ ਯੂਥਨ।

ਖ਼ਾਲਸਾ ਸਮਾਚਾਰ, 23 ਅਪ੍ਰੈਲ 1936, ਅੰਕ 24, ਜਿਲਦ 37, ਪੰਨਾ-9

ਖਾਲਸਾ ਸਮਾਚਾਰ 30 ਅਪ੍ਰੈਲ 1936, ਜਿਲਦ 37, ਅੰਕ 25, ਪੰਨਾ-1

ਸਿੱਖ ਪ੍ਰਚਾਰ ਮਿਸ਼ਨ

ਸਿੱਖ ਪ੍ਰਚਾਰ ਮਿਸ਼ਨ ਦੀ ਬਣਤਰ ਦਾ ਖਰੜਾ ਅਕਾਲੀ ਪੱਤ੍ਰਿਕਾ ਵਿਚ ਛਪਿਆ ਹੈ, ਅਸੀਂ ਸਮਝਿਆ ਕਿ ਚੂੰਕਿ ਇਹ ਇਕ ਅਤਿ ਵੱਡੇ ਕੰਮ ਦਾ ਆਰੰਭ ਹੈ, ਇਸ ਕਰਕੇ ਇਸ ਸਾਂਝੇ ਕੰਮ ਨੂੰ ਪੂਰੀ ਕਾਮਯਾਬੀ ਨਾਲ ਚਲਾਉਣ ਲਈ ਇਹ ਖਰੜਾ ਪੰਥ ਦੀ ਰਾਏ ਲਈ ਛਾਪਿਆ ਹੈ। ਕਿਉਂਕਿ ਸਰਕਾਰਾਂ ਵੀ ਜਦ ਕੋਈ ਕਾਨੂੰਨ ਬਣਾਉਣ ਲੱਗਦੀਆਂ ਹਨ ਤਦ ਆਮ ਹਾਲਤਾਂ ਵਿਚ ਉਹਦਾ ਖਰੜਾ ਆਮ ਲੋਕਾਂ ਦੀ ਗਿਆਤ ਲਈ ਪ੍ਰਕਾਸ਼ਿਤ ਕਰ ਦੇਣਾ ਤੇ ਉਸ 'ਤੇ ਵਿਚਾਰ ਲੈਣੀ ਜ਼ਰੂਰੀ ਸਮਝਦੀਆਂ ਹਨ, ਸਾਡਾ ਖਿਆਲ ਸੀ ਕਿ ਇਹ ਖਰੜਾ ਵੀ ਇਸੇ ਮਤਲਬ ਲਈ ਛਪਿਆ ਹੈ, ਪ੍ਰੰਤੂ ਸਾਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਇਸ ਖਰੜੇ ਸਬੰਧੀ ਜਿਹੜੀ ਚਿੱਠੀ ਆਈ ਹੈ ਤੇ ਅੱਜ ਦੇ ਪਰਚੇ ਵਿਚ ਛਪੀ ਹੈ, ਉਸ ਦੇ ਵੇਖਣ ਤੋਂ ਪਤਾ ਲੱਗਾ ਹੈ ਕਿ ਇਹ ਸਕੀਮ ਖਰੜੇ ਦੇ ਰੂਪ ਵਿਚ ਪੰਥ ਦੇ ਸਾਹਮਣੇ ਪੇਸ਼ ਨਹੀਂ ਕੀਤੀ ਗਈ ਇਹ ਇਕ ਮੁਕੰਮਲ ਬਣਤਰ ਹੈ।




ਸਾਰੇ ਮੈਂਬਰਾਂ ਦੀ ਗਿਣਤੀ ਦਾ ਅੱਟਾ ਸੱਟਾ 130 ਦੇ ਕਰੀਬ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵਰਕਿੰਗ ਕਮੇਟੀ ਦੇ 10 ਮੈਂਬਰ ਹਿਹਦੇ ਵਿਚ ਲਏ ਜਾਣ ਹਨ, 25 ਮੈਂਬਰ ਸ਼੍ਰੋਮਣੀ ਕਮੇਟੀ ਦੇ ਹੋਰ ਹੋਣਗੇ, 8 ਮੈਂਬਰ ਅਕਾਲੀ ਦਲ ਦੇ ਹਨ, ਇਸ ਤਰ੍ਹਾਂ ਨਾਲ 43 ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਕਾਲੀ ਪਾਰਟੀ ਦੇ ਹੋਣਗੇ।

ਹੋਰ ਮੈਂਬਰ ਇਸ ਤਰ੍ਹਾਂ ਹੋਣਗੇ : ਪ੍ਰਸਿੱਧ ਗੁਰਦੁਆਰਾ ਕਮੇਟੀਆਂ 7, ਚੀਫ਼ ਖਾਲਸਾ ਦੀਵਾਨ 8, ਪੰਜੇ ਜਥੇ 6, ਸੈਂਟਰਲ ਅਕਾਲੀ ਦਲ 2, ਗੁਰ ਸੇਵਕ ਸਭਾ 5, ਪੰਜ ਪ੍ਰਤੀਨਿਧ ਉਨ੍ਹਾਂ ਸਿੰਘ ਸਭਾਵਾਂ ਦੇ ਜਿਥੋਂ ਦੀ ਸਿੱਖ ਵਸੋਂ 2000 ਤੋਂ ਘਟ ਨਾ ਹੋਵੇ, ਚਾਰੇ ਤਖ਼ਤਾਂ ਵਲੋਂ ਇਕ ਇਕ, ਜਿਹੜੇ ਸੱਜਣ 1 ਤੋਂ 10 ਹਜ਼ਾਰ ਤੱਕ ਦੇਣ ਉਨ੍ਹਾਂ ਦੇ ਪ੍ਰਤੀਨਿਧ 7 ਆਦਿਕ।

ਇਹ ਬਣਤਰ ਜੇ ਜਿਵੇਂ ਲਿਖੀ ਹੈ ਸਾਰੀ ਕੰਮ ਕਰੇ ਤਾਂ ਕੰਮ ਚੰਗਾ ਲਮੇਰਾ ਹੈ ਤੇ ਉਸ ਪ੍ਰਕਾਰ ਦੇ ਸਾਮਾਨ ਉਪਰ ਪੈਣ ਦੀ ਸੰਭਾਵਨਾ ਹੈ ਜਿਸ ਕਿਸਮ ਦੇ ਸ਼੍ਰੋਮਣੀ ਕਮੇਟੀ ਦੀ ਚੋਣ ਵਿਚ ਹੁੰਦੇ ਹਨ, ਉਸ ਵਿਚ ਸਰਕਾਰੀ ਪ੍ਰਬੰਧ ਹੁੰਦਾ ਹੈ ਤੇ ਇਸ ਵਿਚ ਆਪਣੇ-ਆਪ ਸਭ ਕੁਝ ਕਰਨਾ ਹੋਵੇਗਾ। ਪਿਛਲੇ ਤਜ਼ਰਬਿਆਂ ਦੀ ਰੌਸ਼ਨੀ ਵਿਚ ਜੇ ਇਸ ਬਣਤਰ ਵਿਚ ਅਮਲੀ ਪੱਖ ਵੱਲ ਵਧੇਰੇ ਰੁੱਖ ਕਰ ਲਿਆ ਜਾਏ ਤਾਂ ਸੁਖਦਾਈ ਰਹੇ। ਨਹੀਂ ਤਾਂ ਜੀਕੂੰ ਤਜਰਬਾ ਹਰੇਕ ਗਲ ਦਾ ਉਸਤਾਦ ਹੈ, ਇਥੇ ਵੀ ਤਜਰਬਾ ਸੁਧਾਰ ਦੇ ਰਸਤੇ ਦੱਸੀ ਜਾਏਗੀ। ਪਰ ਤਜਰਬਾ ਬਹੁਤ ਮਹਿੰਗੇ ਮੁੱਲ ਪੈਂਦਾ ਹੈ। ਹਰ ਹਾਲ ਕੰਮ ਐਸਾ ਹੈ ਕਿ ਜਿਸ ਵਿਚ ਪੰਥ ਦੀ ਜਿੰਨੀ ਮਿਲਵੀਂ ਤਾਕਤ ਵਧੀਕ ਕੰਮ ਕਰੇਗੀ ਓਨਾ ਸੁਬਿਹਤਾ ਰਹੇਗਾ ਤੇ ਵਕਤ ਐਸਾ ਹੈ ਕਿ ਇਹ ਕੰਮ ਸ਼ੁਰੂ ਹੋਵੇ ਤੇ ਸਿਰੇ ਚੜ੍ਹੇ ਤੇ ਸੰਕਲਪ ਨਾਲ ਸਾਰੇ ਕੰਮ ਕਰਨ।

ਖ਼ਾਲਸਾ ਸਮਾਚਾਰ, 30 ਅਪ੍ਰੈਲ 1936, ਅੰਕ 25, ਜਿਲਦ 37, ਪੰਨਾ-1

ਖ਼ਾਲਸਾ ਸਮਾਚਾਰ 14 ਮਈ 1936, ਜਿਲਦ 37, ਅੰਕ 27, ਪੰਨਾ-1

'ਤਖਤ ਸਾਹਿਬ' ਅਤੇ 'ਅਖੌਤੀ ਅਛੂਤ'

ਤਖਤ ਸਿੱਖੀ ਦਾ ਥੰਮ੍ਹ ਹਨ। ਪੰਥ ਦੀ ਮਰਯਾਦਾ ਨੂੰ ਕਾਇਮ ਰੱਖਣਾ ਤੇ ਗੁਰਮਤ ਨੂੰ ਨਿਰੋਲਤਾ ਨਾਲ ਦੱਸਣਾ ਇਨ੍ਹਾਂ ਦਾ ਫਰਜ਼ ਹੈ। ਆਮ ਜਨਤਾ ਨੂੰ ਜਿਸ ਵੇਲੇ ਕਿਸੇ ਗੱਲ 'ਤੇ ਸ਼ੱਕ ਹੋਵੇ ਜਾਂ ਕਿਸੇ ਰਸਮੋਂ ਰਿਵਾਜ ਜਾਂ ਸਿੱਖੀ ਦੇ ਸਿਧਾਂਤ 'ਤੇ ਕੋਈ ਸ਼ੱਕ ਹੋ ਜਾਏ ਤਦ ਤਖਤ ਸਾਹਿਬਾਨ ਤੋਂ ਫੈਸਲਾ ਸੁਣਨ ਦੀ ਯਾਚਨਾ ਕਰਦੇ ਹਨ ਤੇ ਸਿੱਖਾਂ ਦੇ ਵਾਸਤੇ ਇਥੋਂ ਦੇ ਫੈਸਲਿਆਂ ਦੀ ਵਰਤੋਂ ਕਰਨੀ ਲਾਜ਼ਮੀ ਹੁੰਦੀ ਹੈ।

ਪ੍ਰੰਤੂ ਸਿੱਖ ਰਾਜ ਦੇ ਸੂਰਜ ਦੇ ਅਸਤ ਹੋਣ ਦੇ ਮਗਰੋਂ ਡੋਗਰਾ ਗਰਦੀ ਦੇ ਅਸਰ ਨਾਲ ਆਮ ਕਰਕੇ ਤੇ ਪੰਜਾਬ ਤੋਂ ਬਾਹਰ ਦੇ ਤਖਤਾਂ ਦੇ ਅਨਮਤੀ ਬਹੁਗਿਣਤੀ ਦੀ ਵਸੋਂ ਵਿਚ ਹੋਣ ਕਰਕੇ ਕੁਝ ਅਜਿਹੀ ਹਾਲਤ ਬਣ ਗਈ ਹੈ ਕਿ ਕਈ ਮਨਮੱਤਾਂ ਤੇ ਅਨਮਤੀ ਗੱਲਾਂ ਦਾ ਉਨ੍ਹਾਂ ਤੇ ਵਰਤਾਰਾ ਸ਼ੁਰੂ ਹੋ ਗਿਆ ਹੈ।

(ਚਲਦਾ)

# ਵਿਪਸਾਅ ਵੱਲੋਂ ਅਮਰਜੀਤ ਕੌਰ ਪੰਨੂੰ ਦੇ ਕਹਾਣੀ ਸੰਗ੍ਰਹਿ 'ਸੁੱਚਾ ਗੁਲਾਬ' 'ਤੇ ਕਰਵਾਈ ਗਈ ਵਿਚਾਰ ਚਰਚਾ ਸ.ਫਲ ਰਹੀ

ਹੇਵਰਡ: ਬੀਤੇ ਦਿਨੀਂ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਵੱਲੋਂ ਪ੍ਰਸਿੱਧ ਸ਼ਾਇਰ ਅਤੇ ਕਲਾ ਸਕੱਤਰ ਸੁਖਦੇਵ ਸਾਹਿਲ ਦੇ ਨਵੇਂ ਗ੍ਰਹਿ ਵਿਖੇ ਸਾਹਿਤਕ ਮਿਲਣੀ ਕਰਵਾਈ ਗਈ। ਇਸ ਸਮਾਗਮ ਦੇ ਅਰੰਭ ਵਿੱਚ ਪ੍ਰਧਾਨ ਕੁਲਵਿੰਦਰ ਵੱਲੋਂ ਸਭ ਨੂੰ ਜੀਅ ਆਇਆਂ ਆਖਿਆ ਗਿਆ। ਵਿੱਛੜੇ ਸਾਹਿਤਕਾਰਾਂ ਕਹਾਣੀਕਾਰ ਲਾਲ ਸਿੰਘ ਦਸੂਹਾ ਅਤੇ ਮੰਗਾ ਬਾਸੀ ਦੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਕੁਲਵਿੰਦਰ ਨੇ ਮਰਹੂਮ ਡਾ. ਜਗਤਾਰ ਦੀ ਬਰਸੀ 'ਤੇ ਉਨ੍ਹਾਂ ਨਾਲ਼ ਜੁੜੀਆਂ ਯਾਦਾਂ ਵੀ ਸਾਂਝੀਆਂ ਕੀਤੀਆਂ:

**ਜ਼ਿੰਦਗੀ ਕੁਝ .ਗਮ ਨਾ ਕਰ,**
**ਇਹ ਕੁੱਝ ਵੀ ਕਰ ਜਾਵਾਂਗਾ ਮੈਂ**
**ਤੂੰ ਜਦੋਂ ਚਾਹਵੇਂ,**
**ਤੇਰੇ ਕੋਲੋਂ ਗੁਜ਼ਰ ਜਾਵਾਂਗਾ ਮੈਂ**

ਸੁਖਦੇਵ ਸਾਹਿਲ ਨੇ ਸ਼ਬਦ ਗਾਇਨ ਕਰਕੇ ਮਹੌਲ ਨੂੰ ਸਹਿਜ ਕਰ ਦਿੱਤਾ। ਜਨਰਲ ਸਕੱਤਰ ਜਗਜੀਤ ਨੌਸ਼ਿਹਰਵੀ ਨੇ ਮੰਚ ਦਾ ਕਾਜ ਭਾਰ ਸੰਭਾਲਦੇ ਹੋਏ ਅਮਰਜੀਤ ਕੌਰ ਪੰਨੂੰ, ਜਸਵੀਰ ਸਿੰਘ ਧੀਮਾਨ, ਡਾ. ਸੁਖਵਿੰਦਰ ਕੰਬੋਜ ਅਤੇ ਕੁਲਵਿੰਦਰ ਨੂੰ ਸ਼ੁਸ਼ੋਭਿਤ ਕੀਤਾ। ਪ੍ਰੋ. ਬਲਜਿੰਦਰ ਸਿੰਘ ਸਵੈਚ ਨੇ ਆਪਣੇ ਪਰਚੇ ਵਿੱਚ 'ਸੁੱਚਾ ਗੁਲਾਬ' ਦੇ ਕੇਂਦਰੀ ਸਰੋਕਾਰ ਸਪਟਸ਼ ਕਰਦਿਆਂ ਕਿਹਾ ਕਿ ਇਨ੍ਹਾਂ ਕਹਾਣੀਆਂ ਵਿੱਚ ਪਰਿਵਾਰਕ ਅਤੇ ਸਮਾਜਿਕ ਰਿਸ਼ਤਿਆਂ ਨੂੰ ਆਦਰਸ਼ ਪ੍ਰਤੀਮਾਨ ਰਾਹੀਂ ਸੁਲਝਾਉਂਦੇ ਸੁਚੇਤ ਤਰਕ ਉਸਾਰੇ ਗਏ ਹਨ।



ਕਹਾਣੀਆਂ ਦੀ ਸ਼ੈਲੀ ਵਿਲੱਖਣ ਹੋਣ ਦੇ ਨਾਲ਼ ਨਾਲ਼ੇ ਪਰੂਫ ਰੀਡਿੰਗ ਦਾ ਵੀ ਪੂਰਾ ਧਿਆਨ ਰੱਖਿਆ ਗਿਆ ਹੈ। ਉਨ੍ਹਾਂ ਨੇ ਕੁੱਝ ਕਹਾਣੀਆਂ ਬਾਰੇ ਸੁਆਲ ਕਰਦੇ ਹੋਏ ਕਹਾਣੀ ਵਿੱਚ ਲੋੜੀਂਦੇ ਵੇਰਵੇ ਦੇਣ ਦਾ ਸੁਝਾਅ ਪੇਸ਼ ਕੀਤਾ। ਉਨ੍ਹਾਂ ਇਹ ਵੀ ਕਿਹਾ ਕਿ ਕਈ ਥਾਈਂ ਅੰਜ਼ਰੇਜ਼ੀ ਦੇ ਸ਼ਬਦਾਂ ਦੀ ਵਰਤੋਂ ਹੋਣ ਕਾਰਨ ਪਾਠਕ ਨੂੰ ਸਮਝਣ ਵਿੱਚ ਮੁਸ਼ਕਲ ਪੇਸ਼ ਆਉਂਦੀ ਹੈ। ਕੁਲਵਿੰਦਰ ਨੇ ਕਿਹਾ ਕਿ ਉਸ ਨੂੰ ਅਮਰਜੀਤ ਪੰਨੂੰ ਦੀ ਕਹਾਣੀ 'ਵੰਡਰ ਵੂਮੈਨ' ਇਸ ਲਈ ਬਹੁਤ ਪਸੰਦ ਹੈ ਕਿਉਂਕਿ ਇਸ ਕਹਾਣੀ ਵਿੱਚ ਨਵੀਨਤਾ ਹੈ ਅਤੇ ਉਹ ਉਸ ਦੀ ਆਪਣੀ ਕਹਾਣੀ ਹੈ। ਸੁਰਜੀਤ ਸਖੀ ਨੇ 'ਤੇਰਵ੍ਹੀਂ ਸੰਤਾਨ' ਕਹਾਣੀ ਦੀ ਪ੍ਰਸ਼ੰਸਾ ਕੀਤੀ। ਲਾਜ ਨੀਲਮ ਸੈਣੀ ਨੇ ਕਿਹਾ ਕਿ ਪੰਨੂੰ ਦੀਆਂ ਕਹਾਣੀਆਂ ਮਾਨਵਵਾਦੀ ਦ੍ਰਿਸ਼ਟੀਕੋਣ ਦੀਆਂ ਧਾਰਨੀ ਅਤੇ ਸਮਾਜ ਨੂੰ ਸਹੀ ਦਿਸ਼ਾ ਦਿਖਾਉਣ ਵਾਲੀਆਂ ਹਨ। ਡਾ. ਕੰਬੋਜ ਨੇ ਬਲਜਿੰਦਰ ਦੇ ਵਿਚਾਰਾਂ ਨਾਲ਼ ਸਹਿਮਤੀ ਪ੍ਰਗਟਾਉਂਦੇ ਕਿਹਾ ਕਿ ਕੋਈ ਵੀ ਲਿਖਤ ਸੰਪੂਰਨ ਨਹੀਂ ਹੁੰਦੀ। ਪ੍ਰੋ. ਸੁਖਦੇਵ ਨੇ ਵੀ 'ਤੇਰਵੀਂ ਸੰਤਾਨ' ਕਹਾਣੀ ਬਾਰੇ ਗੰਭੀਰ ਸੁਆਲ ਪੁੱਛਦੇ ਹੋਏ ਕਹਾਣੀਆਂ ਦੀ ਤਾਰੀਫ਼ ਕੀਤੀ। ਅਮਰਜੀਤ ਪੰਨੂੰ ਨੇ ਵਿਪਸਾਅ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਹ ਕਿੱਤੇ ਵਜੋਂ ਇੱਕ ਵਿਗਿਆਨੀ ਹੈ ਅਤੇ ਕਹਾਣੀ ਉਸ ਨੇ ਅਮਰੀਕਾ ਵਿੱਚ ਲਿਖਣੀ ਸ਼ੁਰੂ ਕੀਤੀ। ਉਸ ਦੀ ਜ਼ਿੰਦਗੀ ਵਿੱਚ ਕਈ ਉਤਰਾਅ-ਚੜ੍ਹਾਅ ਆਏ..ਇੱਕ ਸਥਿਤੀ ਅਜਿਹੀ ਆਈ ਕਿ ਉਸ ਨੂੰ ਦੂਜਿਆਂ ਦੀ ਪੀੜ ਵੀ ਆਪਣੀ ਲੱਗਣ ਲੱਗੀ। ਉਸ ਦੇ ਇਰਦ ਗਿਰਦ ਵਾਪਰਦੀਆਂ ਘਟਨਾਵਾਂ ਅਤੇ ਉਸ ਦਾ ਨਿੱਜ ਇੱਕ ਦੂਜੇ ਨਾਲ਼ ਟਕਰਾਉਣ ਲੱਗੇਸਿੱਟੇ ਵਜੋਂ ਕਹਾਣੀਆਂ ਦਾ ਜਨਮ ਹੋਇਆ। ਪ੍ਰੋ. ਬਲਜਿੰਦਰ ਅਤੇ ਹਾਜ਼ਰ ਸਾਹਿਤਕਾਰਾਂ ਦੇ ਸੁਆਲਾਂ ਦੇ ਜੁਆਬ ਦਿੰਦੇ ਹੋਏ ਉਸ ਨੇ ਕਿਹਾ ਕਿ ਕਹਾਣੀ ਲਿਖਣ ਤੋਂ ਪਹਿਲਾਂ ਉਹ ਆਪਣੇ ਆਪ ਨੂੰ ਕਹਾਣੀ ਵਿਚਲੇ ਪਾਤਰਾਂ ਦੇ ਰੂਪ ਵਿੱਚ ਢਾਲ ਲੈਂਦੀ ਹੈ। ਕਹਾਣੀਆਂ ਵਿੱਚ ਵੇਰਵੇ ਬਹੁਤ ਸੂਝ ਅਤੇ ਸੰਕੋਚ ਨਾਲ਼ ਦਿੱਤੇ ਹਨ ਤਾਂ ਕਿ ਕਹਾਣੀ ਲੰਬੀ ਨਾ ਹੋਵੇ। ਇਸ ਤੋਂ ਇਲਾਵਾ ਉਸ ਨੇ ਅੰਗ਼ਰੇਜ਼ੀ ਨਾਵਲ ਵੀ ਲਿ ?ਖਆ ਹੈ ਜੋ ਬਹੁਤ ਚਰਚਿਤ ਹੋਇਆ। ਇਸ ਤੋਂ ਬਾਅਦ ਪ੍ਰਿੰਸੀਪਲ ਹਰਨੇਕ ਸਿੰਘ ਨੇ ਮਿੰਨੀ ਕਹਾਣੀ ਪੜ੍ਹੀ ਜੋ ਸਭ ਨੇ ਬਹੁਤ ਪਸੰਦ ਕੀਤੀ। ਕਵੀ ਦਰਬਾਰ ਵਿੱਚ ਡਾ. ਸੁਖਵਿੰਦਰ ਕੰਬੋਜ, ਅਮਰਜੀਤ ਸਿੰਘ ਜੌਹਲ, ਜਸਵੀਰ ਸਿੰਘ ਧੀਮਾਨ, ਸੁਰਜੀਤ ਸਖੀ ਅਤੇ ਕੁਲਵਿੰਦਰ ਨੇ ਹਿੱਸਾ ਲਿਆ। ਵਿਜੇ ਸਿੰਘ ਨੇ ਆਪਣੀ ਕਾਮੇਡੀ ਨਾਲ਼ ਫਿਜ਼ਾ ਵਿੱਚ ਖੇੜਾ ਭਰ ਦਿੱਤਾ। ਸਾਹਿਲ ਨੇ ਇੱਕ ਵਾਰੀ ਫਿਰ ਸੰਗੀਤ ਦੀ ਮਹਿਫ਼ਲ ਨਾਲ਼ ਸਭ ਨੂੰ ਅਨੰਦਿਤ ਕੀਤਾ।ਵਿਪਸਾਅ ਵੱਲੋਂ ਅਮਰਜੀਤ ਕੌਰ ਪੰਨੂੰ ਨੂੰ ਵਿਪਸਾਅ ਸ਼ਾਲ ਨਾਲ਼ ਸਨਮਾਨਿਤ ਕੀਤਾ ਗਿਆ। ਸਭ ਨੇ ਸਾਹਿਲ ਪਰਿਵਾਰ ਦਾ ਮੇਜ਼ਬਾਨੀ ਲਈ ਧੰਨਾਵਦ ਕਰਦੇ ਹੋਏ ਨਵੇਂ ਘਰ ਦੀ ਵਧਾਈ ਦਿੱਤੀ। ਇਸ ਮਿਲਣੀ ਵਿੱਚ ਹੋਰਾਂ ਤੋਂ ਇਲਾਵਾ, ਸੁਖਵਿੰਦਰ ਕੌਰ, ਸੋਨੂੰ ਸਾਹਿਲ, ਪੰਕਜ, ਅਵਤਾਰ ਸਿੰਘ ਸੰਧੂ, ਪਰਮਪਾਲ ਸਿੰਘ, ਸੁਰਿੰਦਰ ਕੌਰ, ਸੰਦੀਪ ਕੌਰ, ਧਰਮਿੰਦਰ ਸਿੰਘ, ਜੋਤੀ, ਲਖਵੀਰ ਸਿੰਘ, ਰਵਿੰਦਰ ਕੌਰ, ਐਮ ਪੀ ਸਿੰਘ,ਮਨਜੀਤ ਕੌਰ, ਬਰਜਿੰਦਰ ਸਿੰਘ, ਅਨੂਸ਼ਾ ਅਤੇ ਅਭੀਤਾਬ ਸੈਣੀ ਨੇ ਹਿੱਸਾ ਲਿਆ।

**ਰਿਪੋਰਟ:**
**ਲਾਜ ਨੀਲਮ ਸੈਣੀ (ਸਾਹਿਤ ਸਕੱਤਰ)**
**ਫ਼ੋਨ:** 510-502-0551

ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਉਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਇਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।



## ਹੈਲਥ ਗਾਈਡ

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਕੈਂਕਰ ਸੋਰ**

**ਲੱਛਣ :**

ਕੈਂਕਰ ਸੋਰ ਬਹੁਤ ਜ਼ਿਆਦਾ ਦਰਦਨਾਕ ਹੁੰਦੇ ਹਨ।

**ਕਾਰਨ :**

1. ਵਿਟਾਮਿਨਾਂ ਦੀ ਘਾਟ।
2. ਮਾਨਸਿਕ ਤਣਾਓ।
3. ਬਹੁਤ ਮਿਰਚ-ਮਸਾਲੇ ਵਾਲੇ ਖਾਣੇ।
4. ਚਬਾਉਣ ਵੇਲੇ ਅੰਦਰ ਤੋਂ ਗੱਲ੍ਹ ਦਾ ਕੱਟੇ ਜਾਣਾ।
5. ਹਾਰਮੋਨਲ ਤਬਦੀਲੀਆਂ ਆਮ ਤੌਰ 'ਤੇ 13 ਤੋਂ 19 ਸਾਲ ਦੀ ਉਮਰ ਵਿੱਚ।

**ਰੋਕਥਾਮ/ਬਚਾਅ :**


1. ਮਾਨਸਿਕ ਤਣਾਓ ਨੂੰ ਘਟਾਓ।
2. ਬਹੁਤ ਜ਼ਿਆਦਾ ਮਿਰਚ-ਮਸਾਲੇ ਵਾਲੇ ਖਾਣੇ ਨਾ ਖਾਓ।
3. ਐਂਟੀਸੈਪਟਿਕ ਮਾਊਥ ਵਾਸ਼ ਦੀ ਵਰਤੋਂ ਕਰੋ।

**ਘਰੇਲੂ ਇਲਾਜ :**

1. ਆਮ ਤੌਰ 'ਤੇ ਆਪਣੇ ਆਪ ਸੱਤ ਤੋਂ ਦਸ ਦਿਨਾਂ ਵਿੱਚ ਠੀਕ ਹੋ ਜਾਂਦੇ ਹਨ।
2. ਬੇਕਿੰਗ ਸੋਢਾ ਅਤੇ ਪਾਣੀ ਦਾ ਲੇਪ ਬਣਾਓ ਤੇ ਜ਼ਰੂਰਤ ਮੁਤਾਬਕ ਛਾਲੇ 'ਤੇ ਲਗਾਓ।
3. ਐਂਟੀਸੈਪਟਿਕ ਮਾਊਥ ਵਾਸ਼ ਦੀ ਵਰਤੋਂ ਕਰੋ।
4. ਵਿਟਾਮਿਨਾਂ ਦੀ ਦਵਾਈ ਲਵੋ।
5. ਸੁੰਨ ਕਰਨ ਵਾਲੀ ਕਰੀਮ ਲਗਾਓ (ਔਰਾਬੇਸ)।

**ਡਾਕਟਰ ਨੂੰ ਕਦੋਂ ਦਿਖਾਈਏ :**

1. ਜੇਕਰ ਛਾਲਾ ਸੱਤ ਤੋਂ ਦਸ ਦਿਨਾਂ ਵਿੱਚ ਵੀ ਠੀਕ ਨਾ ਹੋਵੇ।
2. ਜੇ ਛਾਲੇ ਵਿੱਚੋਂ ਖ਼ੂਨ ਵਗਦਾ ਹੋਵੇ।
3. ਦੰਦਾਂ ਦੇ ਡਾਕਟਰ ਲੇਜ਼ਰ ਨਾਲ ਵੀ ਇਸਦਾ ਇਲਾਜ ਕਰ ਸਕਦੇ ਹਨ।




**ਕੋਲਡ ਸੋਰ**

**ਲੱਛਣ :**

ਇਹ ਵਾਰ ਵਾਰ ਹੁੰਦੇ ਹਨ ਅਤੇ ਦਰਦਨਾਕ ਹੁੰਦੇ ਹਨ।

**ਕਾਰਨ :**

1. ਹਰਪੀਸ ਵਾਇਰਸ।
2. ਬਿਮਾਰੀ ਤੋਂ ਬਾਅਦ ਸਰੀਰ ਵਿੱਚ ਇਮੀਊਨਿਟੀ (ਬਿਮਾਰੀਆਂ ਨਾਲ ਲੜਨ ਵਾਲੀ ਸ਼ਕਤੀ) ਦਾ ਘਟਣਾ।
3. ਮਾਨਸਿਕ ਤਣਾਓ।

**ਰੋਕਥਾਮ/ਬਚਾਅ :**

1. ਆਪਣੇ ਹੱਥਾਂ ਨੂੰ ਹਮੇਸ਼ਾਂ ਚੰਗੀ ਤਰ੍ਹਾਂ ਸਾਫ਼ ਕਰੋ।
2. ਇਹ ਇੱਕ ਵਿਅਕਤੀ ਤੋਂ ਦੂਜੇ ਤਕ ਫੈਲਦੇ ਹਨ, ਇਸ ਲਈ ਕਿਸੇ ਹੋਰ ਵਿਅਕਤੀ ਨੂੰ ਛੂਹਣ ਤੋਂ ਬਚਾਅ ਰੱਖੋ, ਉਸਦੇ ਤੌਲੀਏ ਜਾਂ ਬਰਤਨਾਂ ਨੂੰ ਆਪਸ ਵਿੱਚ ਇਸਤੇਮਾਲ ਨਾ ਕਰੋ।

**ਘਰੇਲੂ ਇਲਾਜ :**

1. ਆਮ ਤੌਰ 'ਤੇ 7 ਤੋਂ 10 ਦਿਨਾਂ ਵਿੱਚ ਠੀਕ ਹੋ ਜਾਂਦੇ ਹਨ।
2. ਛਾਲੇ ਉੱਤੇ ਬਰਫ਼ ਮਲੋ।
3. ਮਾਨਸਿਕ ਤਣਾਓ ਨੂੰ ਘਟਾਓ।
4. ਐਂਟੀ-ਵਾਇਰਲ ਮੱਲ੍ਹਮ ਇਸਤੇਮਾਲ ਕਰੋ।
5. ਵਿਟਾਮਿਨ-ਸੀ ਲਵੋ।

**ਡਾਕਟਰ ਨੂੰ ਕਦੋਂ ਦਿਖਾਈਏ :**

1. ਜੇਕਰ ਛਾਲਾ ਸੱਤ ਤੋਂ ਦਸ ਦਿਨਾਂ ਵਿੱਚ ਵੀ ਠੀਕ ਨਾ ਹੋਵੇ।
2. ਜੇ ਛਾਲੇ ਵਿੱਚੋਂ ਖ਼ੂਨ ਵਗਦਾ ਹੋਵੇ।
3. ਦੰਦਾਂ ਦੇ ਡਾਕਟਰ ਲੇਜ਼ਰ ਨਾਲ ਵੀ ਇਸਦਾ ਇਲਾਜ ਕਰ ਸਕਦੇ ਹਨ।

**ਮੂੰਹ ਦਾ ਕੈਂਸਰ**

**ਲੱਛਣ :**

1. ਮੂੰਹ ਦਾ ਕੈਂਸਰ ਆਮ ਤੌਰ 'ਤੇ ਦਰਦਨਾਕ ਨਹਲ ਹੁੰਦਾ।
2. ਇਸ ਨਾਲ ਮੂੰਹ ਵਿੱਚੋਂ ਖ਼ੂਨ ਨਿਕਲਦਾ ਹੈ।
3. ਹੌਲੀ ਹੌਲੀ ਇਸਦਾ ਆਕਾਰ ਵੱਧਦਾ ਜਾਂਦਾ ਹੈ।

**ਕਾਰਨ :**

1. ਸਿਗਰਟ ਪੀਣਾ।
2. ਤੰਬਾਕੂ ਖਾਣਾ ਅਤੇ ਤੰਬਾਕੂ ਵਾਲਾ ਪਾਨ ਚਬਾਉਣਾ।
3. ਕੈਂਸਰ ਦਾ ਪਰਿਵਾਰਿਕ ਪਿਛੋਕੜ।
4. ਐਚ.ਪੀ.ਵੀ. ਵਾਇਰਸ।
5. ਦੰਦਾਂ ਨੂੰ ਸਾਫ਼ ਨਾ ਕਰਨ ਕਰਕੇ ਬਹੁਤ ਜ਼ਿਆਦਾ ਲੰਬੇ ਸਮੇਂ ਤਕ ਮੂੰਹ ਵਿੱਚ ਇਨਫ਼ੈਕਸ਼ਨ ਹੋਣਾ।

**ਰੋਕਥਾਮ/ਬਚਾਅ :**

1. ਸਿਗਰਟ ਪੀਣਾ ਅਤੇ ਤੰਬਾਕੂ ਚਬਾਉਣਾ ਬਿਲਕੁਲ ਬੰਦ ਕਰੋ।
2. ਆਪਣੇ ਦੰਦਾਂ ਅਤੇ ਮਸੂੜਿਆਂ ਨੂੰ ਹਮੇਸ਼ਾਂ ਸਾਫ਼ ਰੱਖੋ।

**ਇਲਾਜ :**

1. ਜਿੰਨਾ ਜਲਦੀ ਸੰਭਵ ਹੋਵੇ, ਦੰਦਾਂ ਦੇ ਡਾਕਟਰ ਨੂੰ ਦਿਖਾਓ-ਇਸ ਵਿੱਚੋਂ ਇੱਕ ਟਿਸ਼ੂ ਦਾ ਟੁਕੜਾ ਲਿਆ ਜਾਂਦਾ ਹੈ (ਬਾਇਓਪਸੀ) ਜਿਸ ਨਾਲ ਕੈਂਸਰ ਬਾਰੇ ਟੈਸਟ ਕੀਤਾ ਜਾਂਦਾ ਹੈ।
2. ਸਿਗਰਟ ਪੀਣਾ ਛੱਡੋ।
3. ਤੰਬਾਕੂ ਚਬਾਉਣਾ ਛੱਡੋ।
4. ਅਪ੍ਰੇਸ਼ਨ : ਕੈਂਸਰ ਨੂੰ ਅਪ੍ਰੇਸ਼ਨ ਨਾਲ ਕੱਢਿਆ ਜਾਂਦਾ ਹੈ ਅਤੇ ਅਪ੍ਰੇਸ਼ਨ ਤੋਂ ਬਾਅਦ ਵਿਕਿਰਣ (ਰੇਡੀਏਸ਼ਨ) ਦੀ ਵਰਤੋਂ ਕੀਤੀ ਜਾਂਦੀ ਹੈ।

(ਚਲਦਾ)

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।


ਹੀਲਿੰਗ ਹਰਬਸ ਐਂਡ ਮਸਾਜ
HEALING HERBS & MASSAGE

ANY TYPE OF LADIES & GENTS PROBLEM

**Healing Herbs & Healing Massage**

ਕੀ ਤੁਸੀਂ ਸਰੀਰਕ ਦੁੱਖਾਂ ਦਰਦਾਂ ਤੋਂ ਪ੍ਰੇਸ਼ਾਨ ਹੋ ?

Cure with Homeopathy or Ayurved Best Natural Way of treatment with no side effects.

ਜੜੀ-ਬੂਟੀਆਂ ਅਤੇ ਮਾਲਿਸ਼ ਰਾਹੀਂ ਕੁਦਰਤੀ ਇਲਾਜ !

ਸਰੀਰ ਦੀ ਕਾਇਆ ਕਲਪ ਕਰੋ ! ਤਣਾਅ ਅਤੇ ਦਰਦ ਤੋਂ ਮੁਕਤੀ ਪਾਉਣ ਲਈ ਅੱਜ ਹੀ ਪਹੁੰਚੋ।



ਅਸੀਂ ਲੈ ਕੇ ਆਏ ਹਾਂ ਤੁਹਾਡੀ ਸਿਹਤ ਲਈ ਕੁਦਰਤੀ ਖਜ਼ਾਨਾ। ਸਾਡੇ ਕੋਲ ਦੇਸੀ ਜੜੀ-ਬੂਟੀਆਂ, ਦੇਸੀ ਦਵਾਈਆਂ ਅਤੇ ਮਾਹਿਰਾਂ ਦੁਆਰਾ ਮਾਲਿਸ਼ ਦੀ ਸਹੂਲਤ ਉਪਲਬਧ ਹੈ।

ਸਾਡਾ ਸਮਾਂ:
ਸੋਮਵਾਰ ਤੋਂ ਸ਼ੁੱਕਰਵਾਰ: ਸ਼ਾਮ 4 ਵਜੇ ਤੋਂ ਰਾਤ 8 ਵਜੇ ਤੱਕ
ਸ਼ਨੀਵਾਰ ਤੇ ਐਤਵਾਰ: ਸਵੇਰੇ 11 ਵਜੇ ਤੋਂ ਸ਼ਾਮ 6 ਵਜੇ ਤੱਕ

ਇਥੇ ਸ਼ੂਗਰ ਦੀ ਬਿਮਾਰੀ ਦਾ ਇਲਾਜ ਦੇਸੀ ਦਵਾਈਆਂ ਅਤੇ ਕੁਦਰਤੀ ਤਰੀਕੇ ਨਾਲ ਕੀਤਾ ਜਾਂਦਾ ਹੈ

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ 510-200-1110

ਪਤਾ: 3038 Castro Valley Blvd, Castro Valley, CA 94546

# ਫਿਰ ਮੈਂ ਵੀ RSS ਵਿਚ ਸ਼ਾਮਲ ਹੋ ਜਾਵਾਂ ?

ਨਾਮਵਰ ਵਕੀਲ ਸਰਦਾਰ ਫੂਲਕਾ ਜੀ ਨੇ ਭਾਜਪਾ 'ਚ ਸ਼ਾਮਲ ਹੋਣ ਦਾ ਕਾਰਨ ਇਹ ਦੱਸਿਆ ਐ ਕਿ ਨਵੰਬਰ ਚੁਰਾਸੀ ਦੇ ਦਿੱਲੀ ਸਿੱਖ ਕਤਲੇਆਮ ਵੇਲੇ ਸਾਡੇ ਪ੍ਰਵਾਰ ਨੂੰ ਇਕ 'ਭਾਜਪਈ ਅੰਟੀ' ਨੇ ਬਚਾਇਆ ਸੀ! ਉਨ੍ਹਾਂ ਦਾ ਇਹ ਕਾਰਨ ਪੜ੍ਹ ਕੇ ਮੈਨੂੰ ਵੀ 'ਆਪਣਾ ਕਾਰਨ' ਚੇਤੇ ਆ ਗਿਆ! ਵੈਸੇ ਮੇਰੇ ਵਾਲਾ ਕਾਰਨ ਮੇਰੀ 'ਗਰਭਵਤੀ ਪਤਨੀ' ਨਾਲ ਸਬੰਧਿਤ ਨਹੀਂ ਕਿਉਂਕਿ ਮੈਂ ਉਦੋਂ ਹਾਲੇ ਕੁਆਰਾ ਹੀ ਸਾਂ!




ਸੰਨ 71-72 ਵੇਲੇ ਮੈਂ ਅੱਠਵੀਂ ਜਮਾਤ ਵਿੱਚ ਪੜ੍ਹਦਾ ਸਾਂ। ਸਾਇੰਸ ਪੜ੍ਹਾਉਣ ਵਾਲਾ ਟੀਚਰ ਦੂਸਰਾ ਜਲਾਦ ਹੀ ਸਮਝੋ। ਉਸਨੇ ਸਾਰੀ ਜਮਾਤ ਨੂੰ 'ਸਵੈਨ' ਨਾਮ ਵਾਲੀ ਸਫਲਤਾ ਦੀ ਕੁੰਜੀ (ਗਾਈਡ) ਲਿਆਉਣ ਨੂੰ ਕਿਹਾ। ਗਰੀਬੀ ਕਾਰਨ ਘਰ ਦੇ ਸਾਨੂੰ ਕਿਤਾਬਾਂ ਹੀ ਮਸਾਂ ਲੈ ਕੇ ਦਿੰਦੇ ਸਨ, ਕੁੰਜੀਆਂ ਕਿੱਥੋਂ ਲਿਆਉਣੀਆਂ ਸਨ।

ਮਾਸਟਰ ਜੀ ਜਦ ਉਹ ਦੂਜੇ ਤੀਜੇ ਸਵੈਨ ਦਿਖਾਉਣ ਲਈ ਕਹਿੰਦੇ ਤਾਂ ਬਿਨਾਂ ਕਿਤਾਬ ਤੋਂ ਆਏ ਹੋਰ ਕਈ ਨਿਆਣਿਆਂ ਵਾਂਗ ਮੈਂ ਵੀ ਕੋਈ ਨਾ ਕੋਈ ਬਹਾਨਾ ਲਾ ਦਿੰਦਾ। ਫਿਰ ਬਹਾਨੇ ਮੁੱਕਣ 'ਤੇ ਸਾਡੇ ਕੁੱਟ ਪੈਣੀ ਸ਼ੁਰੂ ਹੋ ਗਈ।

ਤਰਲੋਚਨ ਸਿੰਘ ਦੁਪਾਲ ਪੁਰ
tsdupalpuri@yahoo.com
78146-92724



ਸਾਡੀ ਕਲਾਸ ਵਿਚ ਜਾਡਲੇ ਵਾਲਾ ਬੀਰਬਲ ਪੰਡਤਾਂ ਦਾ ਮੁੰਡਾ ਵੀ ਪੜ੍ਹਦਾ ਸੀ ਜੋ ਰੱਜ ਕੇ ਇਲਤੀ ਸ਼ਰਾਰਤੀ ਹੁੰਦਾ ਸੀ। ਸਾਇੰਸ ਦੇ ਪੀਰੀਅਡ ਵਿਚ ਉਹ ਰੋਜ ਮੇਰੇ ਕੁੱਟ ਪੈਂਦੀ ਦੇਖਦਾ ਰਿਹਾ।

ਇਕ ਦਿਨ ਉਹਦੇ ਮਨ ਵਿਚ ਪਤਾ ਨੀ ਕੀ ਆਇਆ। ਮੈਥੋਂ ਤੀਜੇ ਥਾਂਹ ਮੋਹਰੇ ਬੈਠੇ ਨੇ ਉਸਨੇ ਮਾਸਟਰ ਤੋਂ ਅੱਖ ਜਿਹੀ ਬਚਾ ਕੇ ਆਪਣੀ 'ਸਵੈਨ' ਮੇਰੇ ਝੋਲੇ ਉੱਤੇ ਸੁੱਟ ਦਿੱਤੀ ਨਾਲੇ ਅੱਖ ਦੱਬ ਕੇ ਮੈਨੂੰ 'ਇਸ਼ਾਰਾ' ਕਰ ਦਿੱਤਾ।

ਸਾਇੰਸ ਮਾਸਟਰ ਜੀ ਗਾਈਡਾਂ ਚੈੱਕ ਕਰਦੇ ਜਦ ਬੀਰਬਲ ਕੋਲ ਆਏ ਤਾਂ ਉਸਨੇ ਝੂਠ ਬੋਲ ਦਿੱਤਾ ਕਿ ਮੇਰੇ ਕੋਲ ਗਾਈਡ ਹੈ ਨੀ ਜੀ। ਲਓ ਜੀ, ਖੌਰੇ ਮਾਸਟਰ ਜੀ ਨੂੰ ਉਹਦੀਆਂ ਵੰਨ ਸੁਵੰਨੀਆਂ ਸ਼ਰਾਰਤਾਂ ਤੋਂ ਵੀ ਗੁੱਸਾ ਚੜ੍ਹਿਆ ਹੋਇਆ ਸੀ, ਦੂਜਾ ਗਾਈਡ ਦਾ ਨਾ ਹੋਣਾ! ਮਾਸਟਰ ਜੀ ਲੱਗ ਪਏ ਉਹਨੂੰ ਫੈਂਟਾ ਚਾੜ੍ਹਨ!! ਉਸਨੂੰ ਆਮ ਨਾਲੋਂ ਵੀ ਕਿਤੇ ਵੱਧ ਕੁੱਟ ਖਾਂਦਾ ਦੇਖ ਕੇ ਮੈਂ ਡਰਿਆ ਸਹਿਮਿਆਂ ਪਿੱਛੇ ਬੈਠਾ ਸੋਚ ਰਿਹਾ ਸਾਂ ਕਿ ਦਰਦ ਨਾਲ ਕਰਾਹੁੰਦਾ ਬੀਰਬਲ ਕਿਤੇ ਆਪਣੀ ਕਿਤਾਬ ਹੀ ਨਾ ਚੁੱਕ ਲਵੇ ਮੇਰੇ ਮੋਹਰਿਉਂ! ਪਰ ਓਦਣ ਉਸਨੇ ਆਪ ਤਾਂ ਛਿੱਲ ਲੁਹਾ ਲਈ ਪਰ ਮੈਨੂੰ ਕੁੱਟ ਤੋਂ ਬਚਾ ਲਿਆ।

ਵੱਡਾ ਹੋਇਆ ਉਹ RSS ਦਾ ਸਰਗਰਮ ਮੈਂਬਰ ਬਣ ਗਿਆ ਤੇ ਬਕਾਇਦਾ 'ਸ਼ਾਖਾ' ਵਿਚ ਸ਼ਾਮਲ ਹੁੰਦਾ ਸੀ। ਗਾਹੇ-ਬਗਾਹੇ ਜਦ ਉਹ ਮਿਲ ਪੈਂਦਾ ਤਾਂ ਉਹਦੀ ਕੁੱਟ ਖਾਣ ਵਾਲੀ ਗੱਲ ਚੇਤੇ ਕਰਕੇ ਅਸੀਂ ਦੋਵੇਂ ਹੱਸਦੇ ਰਹਿੰਦੇ!

ਹੁਣ ਫੂਲਕਾ ਸਾਹਬ ਵਾਂਗ 'ਪੁਰਾਣੀ ਨੇਕੀ' ਦਾ 'ਰਿਣ ਚੁਕਾਉਣ' ਲਈ ਮੈਨੂੰ ਵੀ RSS ਵਿੱਚ ਸ਼ਾਮਲ ਹੋ ਜਾਣਾ ਚਾਹੀਦਾ ਐ ਦੋਸਤੋ ?

# ਡਾ. ਨਵਜੋਤ ਕੌਰ ਸਿੱਧੂ ਵੱਲੋਂ 'ਭਾਰਤੀ ਰਾਸ਼ਟਰਵਾਦੀ ਪਾਰਟੀ' ਦਾ ਐਲਾਨ

## ਪੰਜਾਬ ਨੂੰ 'ਗੋਲਡਨ ਸਟੇਟ' ਬਣਾਉਣ ਦਾ ਲਿਆ ਅਹਿਦ; ਕਾਂਗਰਸ ਤੋਂ ਵੱਖ ਹੋਣ ਮਗਰੋਂ ਚੁੱਕਿਆ ਵੱਡਾ ਕਦਮ




ਚੰਡੀਗੜ੍ਹ : ਪੰਜਾਬ ਦੀ ਸਿਆਸਤ ਵਿੱਚ ਅੱਜ ਉਸ ਵੇਲੇ ਹਲਚਲ ਵੇਖਣ ਨੂੰ ਮਿਲੀ, ਜਦੋਂ ਸਾਬਕਾ ਕ੍ਰਿਕਟਰ ਅਤੇ ਕਾਂਗਰਸੀ ਆਗੂ ਨਵਜੋਤ ਸਿੰਘ ਸਿੱਧੂ ਦੀ ਪਤਨੀ ਡਾ. ਨਵਜੋਤ ਕੌਰ ਸਿੱਧੂ ਨੇ ਆਪਣੀ ਨਵੀਂ ਸਿਆਸੀ ਪਾਰਟੀ 'ਭਾਰਤੀ ਰਾਸ਼ਟਰਵਾਦੀ ਪਾਰਟੀ' ਬਣਾਉਣ ਦਾ ਐਲਾਨ ਕਰ ਦਿੱਤਾ। 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਲਏ ਗਏ ਇਸ ਫੈਸਲੇ ਨੇ ਸੂਬੇ ਦੇ ਸਿਆਸੀ ਸਮੀਕਰਨਾਂ ਨੂੰ ਗੁੰਝਲਦਾਰ ਬਣਾ ਦਿੱਤਾ ਹੈ। ਜ਼ਿਕਰਯੋਗ ਹੈ ਕਿ ਇਹ ਐਲਾਨ ਡਾ. ਸਿੱਧੂ ਦੇ ਕਾਂਗਰਸ ਵਿੱਚੋਂ ਨਿਸ਼ਕਾਸਨ ਦੇ ਮਹਿਜ਼ ਦੋ ਮਹੀਨੇ ਬਾਅਦ ਆਇਆ ਹੈ। ਉਨ੍ਹਾਂ ਨੇ ਰਾਹੁਲ ਗਾਂਧੀ ਵਿਰੁੱਧ ਇਤਰਾਜ਼ਯੋਗ ਟਿੱਪਣੀਆਂ ਅਤੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ 'ਤੇ ਤਿੱਖੇ ਹਮਲੇ ਕੀਤੇ ਸਨ, ਜਿਸ ਤੋਂ ਬਾਅਦ ਉਨ੍ਹਾਂ ਨੂੰ ਪਾਰਟੀ ਵਿੱਚੋਂ ਬਾਹਰ ਕਰ ਦਿੱਤਾ ਗਿਆ ਸੀ।

ਡਾ. ਸਿੱਧੂ ਨੇ ਸੋਸ਼ਲ ਮੀਡੀਆ 'ਤੇ ਇਸ ਫੈਸਲੇ ਨੂੰ 'ਰੱਬੀ ਫੁਰਮਾਨ' ਦੱਸਦਿਆਂ ਕਿਹਾ ਕਿ ਉਨ੍ਹਾਂ ਦੀ ਪਾਰਟੀ ਪੰਜਾਬ ਦੀ ਗੁਆਚੀ ਹੋਈ ਸ਼ਾਨ ਬਹਾਲ ਕਰਕੇ ਇਸ ਨੂੰ ਮੁੜ 'ਸੁਨਹਿਰੀ ਰਾਜ' (Golden Punjab) ਬਣਾਉਣ ਲਈ ਕੰਮ ਕਰੇਗੀ।

ਉਨ੍ਹਾਂ ਕਿਹਾ ਕਿ ਇਹ ਪਾਰਟੀ ਨਿਆਂ, ਸ਼ਾਂਤੀ ਅਤੇ ਅਧਿਆਤਮਿਕ ਗੁਣਾਂ 'ਤੇ ਅਧਾਰਿਤ ਹੋਵੇਗੀ। ਹਾਲਾਂਕਿ, ਨਵਜੋਤ ਸਿੰਘ ਸਿੱਧੂ ਦੀ ਇਸ ਨਵੀਂ ਪਾਰਟੀ ਵਿੱਚ ਭੂਮਿਕਾ ਅਜੇ ਵੀ ਰਹੱਸ ਬਣੀ ਹੋਈ ਹੈ, ਕਿਉਂਕਿ ਉਨ੍ਹਾਂ ਦੇ ਸੋਸ਼ਲ ਮੀਡੀਆ ਖਾਤਿਆਂ 'ਤੇ ਅਜੇ ਵੀ ਗਾਂਧੀ ਪਰਿਵਾਰ ਦੀਆਂ ਤਸਵੀਰਾਂ ਹਨ ਅਤੇ ਉਹ ਸਿਆਸਤ ਤੋਂ ਦੂਰ ਸ਼ੋਅਬਿਜ਼ ਵਿੱਚ ਰੁੱਝੇ ਹੋਏ ਹਨ। ਸਿਆਸੀ ਮਾਹਿਰ ਇਸ ਕਦਮ ਨੂੰ ਵਿਰੋਧੀ ਵੋਟਾਂ ਦੇ ਖਿੰਡਾਅ ਵਜੋਂ ਦੇਖ ਰਹੇ ਹਨ।

# ਮਹਿੰਗਾਈ ਅਤੇ ਬੇਰੁਜ਼ਗਾਰੀ ਭਾਰਤੀ ਨਾਗਰਿਕਾਂ ਲਈ ਮੁੱਖ ਚਿੰਤਾਵਾਂ: ਸਰਵੇਖਣ

ਨਵੀਂ ਦਿੱਲੀ : ਇੱਕ ਗਲੋਬਲ ਸੰਸਥਾ ਦੀ ਸਰਵੇਖਣ ਰਿਪੋਰਟ ਵਿੱਚ ਸਾਹਮਣੇ ਆਇਆ ਹੈ ਕਿ ਭਾਰਤੀ ਨਾਗਰਿਕਾਂ ਦੀਆਂ ਮੁੱਖ ਚਿੰਤਾਵਾਂ ਵਿੱਚ ਮਹਿੰਗਾਈ, ਬੇਰੁਜ਼ਗਾਰੀ, ਸਿੱਖਿਆ, ਅਪਰਾਧ ਅਤੇ ਹਿੰਸਾ ਦੇ ਨਾਲ-ਨਾਲ ਵਿੱਤੀ ਅਤੇ ਰਾਜਨੀਤਿਕ ਭ੍ਰਿਸ਼ਟਾਚਾਰ ਸ਼ਾਮਲ ਹਨ, ਪਰ ਇਸ ਦੇ ਬਾਵਜੂਦ ਭਾਰਤ ਉਨ੍ਹਾਂ ਚੋਟੀ ਦੇ ਪੰਜ ਦੇਸ਼ਾਂ ਵਿੱਚ ਸ਼ਾਮਲ ਹੈ ਜਿੱਥੋਂ ਦੇ ਨਾਗਰਿਕਾਂ ਨੂੰ ਵਿਸ਼ਵਾਸ ਹੈ ਕਿ ਉਨ੍ਹਾਂ ਦਾ ਦੇਸ਼ ਸਹੀ ਦਿਸ਼ਾ ਵੱਲ ਵਧ ਰਿਹਾ ਹੈ।



ਵਿਸ਼ਵ ਦੀਆਂ ਸਭ ਤੋਂ ਵੱਡੀਆਂ ਮਾਰਕੀਟ ਰਿਸਰਚ ਕੰਪਨੀਆਂ ਵਿੱਚੋਂ ਇੱਕ 'ਇਪਸੋਸ' (Ipsos) ਵੱਲੋਂ ਜਾਰੀ 'ਵਟ ਵਰੀਜ਼ ਦ ਵਰਲਡ' ਰਿਪੋਰਟ ਮੁਤਾਬਕ ਭਾਰਤ ਸਮੇਤ ਸਿੰਗਾਪੁਰ, ਮਲੇਸ਼ੀਆ, ਦੱਖਣੀ ਕੋਰੀਆ ਅਤੇ ਥਾਈਲੈਂਡ ਵਰਗੇ ਏਸ਼ੀਆਈ ਦੇਸ਼ਾਂ ਵਿੱਚ ਵਿਸ਼ਵਵਿਆਪੀ ਆਸ਼ਾਵਾਦ ਦਾ ਕੇਂਦਰ ਦੇਖਿਆ ਗਿਆ ਹੈ, ਜਦੋਂ ਕਿ ਸਰਵੇਖਣ ਕੀਤੇ ਗਏ 29 ਵਿੱਚੋਂ 25 ਦੇਸ਼ਾਂ ਦੇ ਲੋਕ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦਾ ਮੁਲਕ 'ਗਲਤ ਰਾਹ' 'ਤੇ ਹੈ।

ਇਪਸੋਸ ਇੰਡੀਆ ਦੇ ਸੀਈਓ ਸੁਰੇਸ਼ ਰਾਮਾਲਿੰਗਮ ਨੇ ਕਿਹਾ ਕਿ ਘਰੇਲੂ ਚੁਣੌਤੀਆਂ ਅਤੇ ਪੱਛਮੀ ਏਸ਼ੀਆ ਵਿੱਚ ਚੱਲ ਰਹੇ ਟਕਰਾਵਾਂ ਕਾਰਨ ਪੈਦਾ ਹੋਏ ਆਲਮੀ ਵਿਘਨਾਂ ਦੇ ਬਾਵਜੂਦ, ਭਾਰਤ ਦੀ ਲਚਕਤਾ ਅਤੇ ਸਰਕਾਰ ਵੱਲੋਂ ਤੇਲ ਸੰਕਟ ਵਰਗੇ ਮੁੱਦਿਆਂ 'ਤੇ ਕੀਤੇ ਜਾ ਰਹੇ ਸਰਗਰਮ ਯਤਨਾਂ ਨੇ ਲੋਕਾਂ ਵਿੱਚ ਭਰੋਸਾ ਬਰਕਰਾਰ ਰੱਖਿਆ ਹੈ। ਹਾਲਾਂਕਿ ਰਿਪੋਰਟ ਚਿਤਾਵਨੀ ਦਿੰਦੀ ਹੈ ਕਿ ਜੇ ਪੱਛਮੀ ਏਸ਼ੀਆ ਵਿੱਚ ਤਣਾਅ ਘੱਟ ਨਹੀਂ ਹੁੰਦਾ, ਤਾਂ ਤੇਲ ਅਤੇ ਗੈਸ ਦੀ ਸਪਲਾਈ ਪ੍ਰਭਾਵਿਤ ਹੋਣ ਨਾਲ ਸਥਿਤੀ ਇੱਕ ਵਿਆਪਕ ਗਲੋਬਲ ਸੰਕਟ ਵਿੱਚ ਬਦਲ ਸਕਦੀ ਹੈ, ਜਿਸ ਨਾਲ ਨਜਿੱਠਣ ਲਈ ਭਾਰਤ ਆਪਣੇ ਤੇਲ ਆਯਾਤ ਸਰੋਤਾਂ ਵਿੱਚ ਵਿਭਿੰਨਤਾ ਲਿਆਉਣ ਦੀ ਕੋਸ਼ਿਸ਼ ਕਰ ਰਿਹਾ ਹੈ।

# ਲੋਕਾਂ ਨੂੰ ਗੁਮਰਾਹ ਕਰ ਰਹੇ ਨੇ ਸਰਕਾਰ ਤੇ ਮੁੱਖ ਮੰਤਰੀ: ਮਾਨ

## ਹਸਪਤਾਲ ਅਪਗਰੇਡ ਕਰਨ ਤੇ ਤਾਰਾਂ ਅੰਡਰਗਰਾਊਂਡ ਕਰਨ ਦਾ ਪ੍ਰਜੈਕਟ ਕੇਂਦਰ ਤੋਂ ਖ਼ੁਦ ਪਾਸ ਕਰਵਾਉਣ ਦਾ ਦਾਅਵਾ

ਸੰਗਰੂਰ : ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਅਤੇ ਸਾਬਕਾ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਪੰਜਾਬ ਸਰਕਾਰ ਵੱਲੋਂ ਪੰਜਾਬੀਆਂ ਅਤੇ ਸਿੱਖਾਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ। ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸੰਗਰੂਰ ਅਤੇ ਬਰਨਾਲਾ ਦੇ ਸਾਰੇ ਹਸਪਤਾਲਾਂ ਨੂੰ ਅਪਗਰੇਡ ਕਰਨ ਅਤੇ ਸੰਸਦੀ ਹਲਕੇ ਵਿੱਚ ਬਿਜਲੀ ਦੀਆਂ ਤਾਰਾਂ ਅੰਡਰਗਰਾਊਂਡ ਕਰਨ ਬਾਰੇ ਦਿੱਤੇ ਬਿਆਨ ਬਾਰੇ ਬੋਲਦਿਆਂ ਸ੍ਰੀ ਮਾਨ ਨੇ ਕਿਹਾ ਕਿ ਇਹ ਦੋਵੇਂ ਪ੍ਰਾਜੈਕਟ ਉਨ੍ਹਾਂ ਨੇ ਸੰਸਦ ਮੈਂਬਰ ਹੁੰਦਿਆਂ ਕੇਂਦਰ ਤੋਂ ਪਾਸ ਕਰਵਾਏ ਸਨ। ਇੱਥੇ ਆਪਣੀ ਰਿਹਾਇਸ਼ 'ਤੇ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਯੋਜਨਾਵਾਂ ਪਹਿਲਾਂ ਸ਼ੁਰੂ ਹੋਣੀਆਂ ਸਨ ਪਰ ਹੁਣ ਸ਼ੁਰੂ ਹੋਣ ਜਾ ਰਹੀਆਂ ਹਨ।



ਸ੍ਰੀ ਮਾਨ ਨੇ ਦਾਅਵਾ ਕੀਤਾ ਕਿ ਬਿਜਲੀ ਦੀਆਂ ਤਾਰਾਂ ਟੁੱਟਣ ਅਤੇ ਹੋਰ ਨੁਕਸਾਨ ਤੋਂ ਬਚਾਉਣ ਲਈ ਇਨ੍ਹਾਂ ਨੂੰ ਅੰਡਰਗਰਾਊਂਡ ਕਰਨ ਵਾਸਤੇ ਉਹ ਬਤੌਰ ਸੰਸਦ ਮੈਂਬਰ ਕੇਂਦਰ ਨੂੰ ਲਗਾਤਾਰ ਪੱਤਰ ਲਿਖਦੇ ਰਹੇ ਹਨ। ਉਨ੍ਹਾਂ ਦੇ ਸੁਝਾਵਾਂ ਨੂੰ ਪ੍ਰਵਾਨ ਕਰ ਕੇ ਤਤਕਾਲੀ ਕੇਂਦਰੀ ਸਿਹਤ ਮੰਤਰੀ ਮਨਸੁਖ ਮਾਂਡਵੀਆ ਨੇ 24 ਅਪਰੈਲ 2023 ਨੂੰ ਬਰਨਾਲਾ, ਸੰਗਰੂਰ, ਮਾਲੇਰਕੋਟਲਾ ਅਤੇ ਹੋਰ ਥਾਵਾਂ 'ਤੇ ਹਸਪਤਾਲਾਂ ਨੂੰ ਅਪਗਰੇਡ ਕਰਨ ਬਾਰੇ ਪੱਤਰ ਲਿਖ ਕੇ ਜਾਣੂ ਕਰਵਾਇਆ ਸੀ। ਉਸ ਸਮੇਂ 13071.28 ਲੱਖ ਰੁਪਏ ਦੀ ਰਕਮ ਪਾਸ ਹੋਈ ਜਿਸ ਤਹਿਤ ਸੰਗਰੂਰ ਲਈ 4921.94 ਲੱਖ, ਮਾਲੇਰਕੋਟਲਾ ਲਈ 2660.60 ਲੱਖ ਰੁਪਏ ਪਾਸ ਹੋਏ ਸਨ।

ਇਸ ਤੋਂ ਇਲਾਵਾ ਬਿਜਲੀ ਦੀਆਂ ਤਾਰਾਂ ਅੰਡਰਗਰਾਊਂਡ ਕਰਨ ਦੇ ਕੰਮ ਵਾਸਤੇ ਮਾਲੇਰਕੋਟਲਾ ਲਈ 53 ਕਰੋੜ, ਬਰਨਾਲਾ ਲਈ 84 ਕਰੋੜ ਅਤੇ ਸੰਗਰੂਰ ਲਈ 164 ਕਰੋੜ ਰੁਪਏ ਪਾਸ ਹੋਏ ਸਨ। ਇਸ ਤੋਂ ਇਲਾਵਾ ਆਰ ਡੀ ਐੱਸ ਐੱਸ ਦੀ ਸਕੀਮ ਅਧੀਨ ਬਰਨਾਲਾ, ਧੌਲਾ, ਠੀਕਰੀਵਾਲਾ ਅਤੇ ਹੰਡਿਆਇਆ ਵਿੱਚ ਫੀਡਰਾਂ ਦੇ ਲੋਡ ਵਧਾਉਣ, ਨਵੀਂ ਐੱਚ ਟੀ ਲਾਈਨ ਪਾਉਣ ਆਦਿ ਲਈ 7.77 ਕਰੋੜ ਰੁਪਏ ਪਾਸ ਕਰਵਾਏ ਸਨ। ਉਨ੍ਹਾਂ ਕਿਹਾ ਕਿ ਲੋਕ ਮੁੱਖ ਮੰਤਰੀ ਦੀਆਂ ਗੱਲਾਂ ਵਿੱਚ ਨਹੀਂ ਆਉਣਗੇ।

# ਬੇਅਦਬੀ ਦੀਆਂ ਘਟਨਾਵਾਂ ਖ਼ਿਲਾਫ਼ ਪੰਥਕ ਲਾਮਬੰਦੀ ਦੀ ਅਪੀਲ

## ਦਲ ਖ਼ਾਲਸਾ ਵੱਲੋਂ ਮਤਾ ਪਾਸ; ਸੈਮੀਨਾਰ ਵਿੱਚ ਬੇਅਦਬੀ ਮਾਮਲਿਆਂ 'ਤੇ ਚਿੰਤਾ ਪ੍ਰਗਟਾਈ

ਰਈਆ : ਇੱਥੇ ਦਲ ਖ਼ਾਲਸਾ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਸਬੰਧੀ ਸੈਮੀਨਾਰ ਕੀਤਾ ਗਿਆ ਜਿਸ 'ਚ ਬੇਅਦਬੀ ਦੀਆਂ ਘਟਨਾਵਾਂ 'ਤੇ ਚਿੰਤਾ ਪ੍ਰਗਟ ਕੀਤੀ ਗਈ।

ਇਸ ਦੌਰਾਨ ਦਲ ਖਾਲਸਾ ਨੇ ਸਰਬਸੰਮਤੀ ਨਾਲ ਮਤਾ ਪਾਸ ਕਰਦਿਆਂ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਬੇਅਦਬੀ ਦੀਆਂ ਘਟਨਾਵਾਂ ਨਾਲ ਨਜਿੱਠਣ ਲਈ ਸਰਕਾਰ ਵੱਲ ਨਾ ਦੇਖਣ ਸਗੋਂ ਪੰਥ ਨੂੰ ਲਾਮਬੰਦ ਕਰਨ। ਦਲ ਖ਼ਾਲਸਾ ਦੇ ਬੁਲਾਰੇ ਕੰਵਰ ਪਾਲ ਸਿੰਘ ਨੇ ਕਿਹਾ, "ਜਦੋਂ ਵੀ ਅਸੀਂ ਖ਼ਾਲਸਾਈ ਰਵਾਇਤ ਦਾ ਸਹਾਰਾ ਲੈਣ ਦੀ ਗੱਲ ਕਰਦੇ ਹਾਂ ਤਾਂ ਸਾਡੇ 'ਤੇ ਕਾਨੂੰਨ ਨੂੰ ਆਪਣੇ ਹੱਥ ਵਿੱਚ ਲੈਣ ਦਾ ਦੋਸ਼ ਲਾਇਆ ਜਾਂਦਾ ਹੈ। ਸਾਡੇ ਕੋਲ ਇਸ ਗੱਲ ਦਾ ਬਹੁਤ ਕੌੜਾ ਤਜਰਬਾ ਹੈ ਕਿ ਕਿਵੇਂ ਇਸ ਦੇਸ਼ ਦੀ ਕਾਨੂੰਨ ਪ੍ਰਣਾਲੀ ਨੇ ਅਪਰੈਲ 1978 ਤੋਂ ਸਿੱਖਾਂ ਨੂੰ ਹਰ ਪੱਖੋਂ ਪੂਰੀ ਤਰ੍ਹਾਂ ਨਿਰਾਸ਼ ਕੀਤਾ ਹੈ।"




ਪਰਮਜੀਤ ਸਿੰਘ ਮੰਡ ਨੇ ਕਿਹਾ, "ਸਾਨੂੰ ਕਿਹਾ ਜਾਂਦਾ ਹੈ ਕਿ ਕਾਨੂੰਨ ਨੂੰ ਆਪਣਾ ਕੰਮ ਕਰਨ ਦਿੱਤਾ ਜਾਵੇ ਪਰ ਦੁਖਾਂਤ ਇਹ ਹੈ ਕਿ ਮੌਜੂਦਾ ਸਿਸਟਮ ਅਤੇ ਸਥਿਤੀ ਵਿੱਚ ਸਰਕਾਰਾਂ ਅਤੇ ਪ੍ਰਸ਼ਾਸਨ ਦੀ ਬਦੌਲਤ ਕਾਨੂੰਨ ਨੂੰ ਆਪਣਾ ਕੰਮ ਨਹੀਂ ਕਰਨ ਦਿੱਤਾ ਜਾ ਰਿਹਾ।" ਸਿੱਖ ਕਾਰਕੁਨ ਨਰਾਇਣ ਸਿੰਘ ਚੌੜਾ ਨੇ ਕਿਹਾ ਕਿ ਕਿਸੇ ਕਾਨੂੰਨ ਦੀ ਲੋੜ ਨਹੀਂ ਹੈ ਅਤੇ ਉਹ ਕਾਨੂੰਨ ਬਣਾਉਣ ਦੀਆਂ ਸਾਰੀਆਂ ਕੋਸ਼ਿਸ਼ਾਂ ਦਾ ਸਖ਼ਤ ਵਿਰੋਧ ਕਰਦੇ ਹਨ। ਸਿੱਖ ਕੁਲੈਕਟਿਵ ਦੇ ਕਨਵੀਨਰ ਜਗਮੋਹਨ ਸਿੰਘ ਨੇ ਕਿਹਾ ਕਿ ਕਾਨੂੰਨੀ ਪਹੁੰਚ ਅਪਣਾਉਣ ਵੱਲ ਚੁੱਕਿਆ ਕੋਈ ਵੀ ਕਦਮ ਖ਼ਤਰੇ ਨਾਲ ਭਰਿਆ ਹੋਇਆ ਹੈ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਕਾਰਜਕਾਰੀ ਪ੍ਰਧਾਨ ਈਮਾਨ ਸਿੰਘ ਮਾਨ ਨੇ ਕਿਹਾ ਕਿ ਕਿਸੇ ਨਵੇਂ ਕਾਨੂੰਨ ਵੱਲ ਜਾਣ ਤੋਂ ਪਹਿਲਾਂ ਸਰਕਾਰ ਆਪਣੀ ਇਮਾਨਦਾਰੀ ਅਤੇ ਨਿਰਪੱਖਤਾ ਦਿਖਾਵੇ। ਸ਼੍ਰੋਮਣੀ ਕਮੇਟੀ ਮੈਂਬਰ ਕੁਲਬੀਰ ਸਿੰਘ ਬੜਾ ਪਿੰਡ ਨੇ ਕਿਹਾ ਜੇਕਰ ਕੋਈ ਗੁਰੂ ਗ੍ਰੰਥ ਸਾਹਿਬ ਅਤੇ ਗੁਰਬਾਣੀ ਦਾ ਅਪਮਾਨ ਅਤੇ ਬੇਅਦਬੀ ਕਰਨ ਦੀ ਕੋਸ਼ਿਸ਼ ਕਰੇਗਾ, ਉਸ ਨੂੰ ਖ਼ਾਲਸਾ ਪੰਥ ਦੇ ਰੋਹ ਦਾ ਸਾਹਮਣਾ ਕਰਨਾ ਪਵੇਗਾ। ਮਾਸਟਰ ਕੁਲਵੰਤ ਸਿੰਘ ਫੇਰੂਮਾਨ ਅਤੇ ਪਰਮਜੀਤ ਸਿੰਘ ਟਾਂਡਾ ਨੇ ਕਿਹਾ ਕਿ ਇਸ ਸੰਵੇਦਨਸ਼ੀਲ ਮਾਮਲੇ ਨੂੰ 'ਆਪ' ਸਰਕਾਰ ਅਤੇ ਅਕਾਲੀ ਦਲ ਦੀ ਖਿੱਚੋਤਾਣ ਵਾਲੀ ਰਾਜਨੀਤੀ ਦੀ ਬਲੀ ਨਹੀਂ ਚੜ੍ਹਨ ਦਿੱਤਾ ਜਾਵੇਗਾ।

# ਮੁੱਖ ਮੰਤਰੀ ਭਗਵੰਤ ਮਾਨ ਹੁਸ਼ਿਆਰਪੁਰ ਪਹੁੰਚੇ

# ਗੁਰਦੁਆਰਾ ਭਿੱਖੋਵਾਲ ਸਾਹਿਬ ਵਿਖੇ ਹੋਏ ਨਤਮਸਤਕ






ਹੋਸ਼ਿਆਰਪੁਰ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਹੋਸ਼ਿਆਰਪੁਰ ਜ਼ਿਲ੍ਹੇ ਦੇ ਇਤਿਹਾਸਕ ਗੁਰਦੁਆਰਾ ਭਿੱਖੋਵਾਲ ਸਾਹਿਬ ਵਿਖੇ ਮੱਥਾ ਟੇਕਿਆ। ਮੁੱਖ ਮੰਤਰੀ ਨੇ ਇੱਥੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਅਤੇ ਗੁਰੂ ਘਰ ਦਾ ਆਸ਼ੀਰਵਾਦ ਲਿਆ।

**ਧਾਰਮਿਕ ਸ਼ਰਧਾ:** ਮੁੱਖ ਮੰਤਰੀ ਮਾਨ ਨੇ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋ ਕੇ ਪੰਜਾਬ ਦੀ ਸ਼ਾਂਤੀ, ਖੁਸ਼ਹਾਲੀ ਅਤੇ ਤਰੱਕੀ ਲਈ ਪ੍ਰਾਰਥਨਾ ਕੀਤੀ।

ਸਥਾਨਕ ਲੋਕਾਂ ਨਾਲ ਮੇਲ-ਜੋਲ: ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕਣ ਉਪਰੰਤ ਉਨ੍ਹਾਂ ਨੇ ਸੰਖੇਪ ਰੂਪ ਵਿੱਚ ਸਥਾਨਕ ਲੋਕਾਂ ਅਤੇ ਪ੍ਰਬੰਧਕਾਂ ਨਾਲ ਵੀ ਗੱਲਬਾਤ ਕੀਤੀ।

ਸੁਰੱਖਿਆ ਦੇ ਸਖ਼ਤ ਪ੍ਰਬੰਧ: ਮੁੱਖ ਮੰਤਰੀ ਦੀ ਫੇਰੀ ਨੂੰ ਧਿਆਨ ਵਿੱਚ ਰੱਖਦੇ ਹੋਏ ਹੋਸ਼ਿਆਰਪੁਰ ਪ੍ਰਸ਼ਾਸਨ ਵੱਲੋਂ ਭਿੱਖੋਵਾਲ ਇਲਾਕੇ ਵਿੱਚ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਸਨ।

ਮੁੱਖ ਮੰਤਰੀ ਦੀ ਇਹ ਫੇਰੀ ਉਨ੍ਹਾਂ ਦੇ ਹੋਸ਼ਿਆਰਪੁਰ ਦੌਰੇ ਦਾ ਹਿੱਸਾ ਸੀ, ਜਿਸ ਦੌਰਾਨ ਉਨ੍ਹਾਂ ਨੇ ਇਲਾਕੇ ਦੇ ਹੋਰ ਵਿਕਾਸ ਕਾਰਜਾਂ ਅਤੇ ਮੌਜੂਦਾ ਸਥਿਤੀਆਂ ਦਾ ਵੀ ਜਾਇਜ਼ਾ ਲਿਆ।

# ਚਾਰ ਪੁੱਤਾਂ ਦਾ ਦੁੱਖ ਅਜੇ ਮੁੱਕਿਆ ਨਹੀਂ ਕਿ ਨਸ਼ੇ ਦੇ ਕਹਿਰ ਨੇ ਪੰਜਵਾਂ ਵੀ ਨਿਗਲਿਆ

## ਪੰਜਾਬ ਸਰਕਾਰ ਦੇ ਦਾਅਵੇ ਤੇ ਵਾਅਦੇ ਨਾ ਬਚਾ ਸਕੇ ਮੇਰੇ ਪੁੱਤ ਨੂੰ : ਮਾਂ

ਸੁਲਤਾਨਪੁਰ ਲੋਧੀ : ਕਪੂਰਥਲਾ ਦੀ ਸਬ-ਡਵੀਜ਼ਨ ਸੁਲਤਾਨਪੁਰ ਲੋਧੀ ਦੇ ਥਾਣਾ ਖੇਤਰ ਦੇ ਨੇੜਲੇ ਮੁਹੱਲੇ ਪੰਡੋਰੀ ’ਚ ਇਕ ਪਰਿਵਾਰ ’ਤੇ ਦੁੱਖਾਂ ਦਾ ਪਹਾੜ ਟੁੱਟ ਪਿਆ, ਜਿੱਥੇ ਪਹਿਲਾਂ ਹੀ ਅਪਣੇ ਚਾਰ ਪੁੱਤਰਾਂ ਨੂੰ ਗੁਆ ਚੁੱਕੇ ਮਾਪਿਆਂ ਦੇ ਪੰਜਵੇਂ ਅਤੇ ਆਖ਼ਰੀ ਪੁੱਤਰ ਦੀ ਵੀ ਇਲਾਜ ਦੌਰਾਨ ਮੌਤ ਹੋ ਗਈ ਹੈ।





ਜਾਣਕਾਰੀ ਅਨੁਸਾਰ ਨੌਜਵਾਨ ਨੂੰ ਸਾਹ ਲੈਣ ਵਿਚ ਤਕਲੀਫ਼ ਹੋਣ ਕਾਰਨ ਪਹਿਲਾਂ ਸਿਵਲ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਸੀ। ਹਾਲਤ ਗੰਭੀਰ ਹੁੰਦਿਆਂ ਦੇਖ ਉਸ ਨੂੰ ਸੋਮਵਾਰ ਨੂੰ ਅੰਮ੍ਰਿਤਸਰ ਰੈਫਰ ਕਰ ਦਿਤਾ ਗਿਆ।

ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਇਸ ਮਾਮਲੇ ਦਾ ਨੋਟਿਸ ਲੈਂਦਿਆਂ ਨੌਜਵਾਨ ਦਾ ਸਾਰਾ ਇਲਾਜ ਸਰਕਾਰੀ ਖ਼ਰਚੇ ’ਤੇ ਕਰਵਾਉਣ ਦਾ ਐਲਾਨ ਕੀਤਾ ਸੀ। ਅੰਮ੍ਰਿਤਸਰ ਦੇ ਗੁਰੂ ਨਾਨਕ ਦੇਵ ਹਸਪਤਾਲ (ਮੈਡੀਕਲ ਕਾਲਜ) ਵਿਚ ਜੇਰੇ-ਇਲਾਜ ਇਸ ਪੰਜਵੇਂ ਪੁੱਤਰ ਨੇ ਵੀ ਦਮ ਤੋੜ ਦਿਤਾ।

ਸੁਲਤਾਨਪੁਰ ਲੋਧੀ ਦੇ ਡੀ.ਐਸ.ਪੀ. ਧੀਰੇਂਦਰ ਵਰਮਾ ਨੇ ਪੰਜਵੇਂ ਬੇਟੇ ਦੀ ਮੌਤ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਦਸਿਆ ਕਿ ਮੌਤ ਦੇ ਅਸਲ ਕਾਰਨਾਂ ਦਾ ਪਤਾ ਪੋਸਟਮਾਰਟਮ ਦੀ ਰਿਪੋਰਟ ਆਉਣ ਤੋਂ ਬਾਅਦ ਹੀ ਲੱਗ ਸਕੇਗਾ।

ਜ਼ਿਕਰਯੋਗ ਹੈ ਕਿ ਮੁਹੱਲਾ ਪਡੋਰੀ ’ਚ ਨਸ਼ਿਆਂ ਦੇ ਵਗ ਰਹੇ ਦਰਿਆ ਕਾਰਨ ਇਕ ਮਾਂ ਵੱਲੋਂ ਪਹਿਲਾਂ ਚਾਰ ਪੁੱਤ ਵਹਾਉਣ ਤੋਂ ਬਾਅਦ ਬਚੀ ਹੋਈ ਇਕ ਉਮੀਦ ਦੀ ਕਿਰਨ ਉਸ ਦੇ ਪੰਜਵੇਂ ਪੁੱਤ ਨੂੰ ਵੀ ਪੰਜਾਬ ਸਰਕਾਰ ਵੱਲੋਂ ਲਗਾਈ ਗੁਹਾਰ ਤੋਂ ਬਾਅਦ ਪ੍ਰਸ਼ਾਸਨ ਅਤੇ ਪੁਲਸ ਪ੍ਰਸ਼ਾਸਨ ਨੀਂਦ ਤੋਂ ਜਾਗਿਆ। ਵਾਇਰਲ ਵੀਡੀਓ ਕਾਰਨ ਹੋਈ ਕਿਰਕਰੀ ਤੋਂ ਉਸ ਦੇ ਪੰਜਵੇਂ ਪੁੱਤਰ ਨੂੰ ਪਹਿਲਾਂ ਸਿਵਲ ਹਸਪਤਾਲ ਸੁਲਤਾਨਪੁਰ ਲੋਧੀ ਦਾਖ਼ਲ ਕਰਵਾਇਆ ਅਤੇ ਫਿਰ ਹਾਲਤ ਗੰਭੀਰ ਹੋਣ ’ਤੇ ਉਸ ਨੂੰ ਗੁਰੂ ਨਾਨਕ ਮੈਡੀਕਲ ਹਸਪਤਾਲ ਅੰਮ੍ਰਿਤਸਰ ਰੈਫਰ ਕਰ ਦਿੱਤਾ, ਜਿੱਥੇ ਸ਼ਾਮ ਨੂੰ ਉਹ ਵੀ ਦਮ ਤੋੜ ਗਿਆ।

ਪੁੱਤ ਦੀ ਮੌਤ ਦੀ ਖ਼ਬਰ ਸੁਣਦਿਆਂ ਹੀ ਘਰ ’ਚ ਚੀਕ-ਚਿਹਾੜਾ ਮੱਚ ਗਿਆ ਅਤੇ ਪੂਰੇ ਮੁਹੱਲੇ ’ਚ ਮਾਤਮ ਫੈਲ ਗਿਆ। ਮਾਂ ਦੇ ਰੋਂਦੀ ਦੇ ਵਿਰਲਾਪ ਨੇ ਕੰਧਾਂ ਵੀ ਹਿਲਾ ਦਿੱਤੀਆਂ ਅਤੇ ਹਰੇਕ ਵਿਅਕਤੀ ਪਰਿਵਾਰ ਨੂੰ ਹੌਸਲਾ ਰੱਖਣ ਦਾ ਕਹਿ ਰਿਹਾ ਸੀ। ਘਰ ਦੇ ਸਾਰੇ ਚਿਰਾਗ ਬੁੱਝ ਜਾਣ ਤੋਂ ਬਾਅਦ ਸਾਬਕਾ ਕੌਂਸਲਰ ਚਰਨ ਕਮਲ ਪਿੰਟਾ ਨੇ ਘਰ ਦੇ ਮੌਜੂਦਾ ਹਾਲਾਤ ਅਤੇ ਮ੍ਰਿਤਕ ਦੇ ਡੇਢ ਸਾਲ ਦੇ ਮਾਸੂਮ ਨੂੰ ਵੇਖਦਿਆਂ ਘਰ ਦਾ ਗੁਜ਼ਾਰਾ ਕਰਨ ਲਈ ਉਸ ਦੀ ਪਤਨੀ ਨੂੰ ਸਰਕਾਰੀ ਨੌਕਰੀ ਦੇਣ ਦੀ ਮੰਗ ਕੀਤੀ ਹੈ।

4 ਪੁੱਤਰ ਨਸ਼ਿਆਂ ਦੀ ਦਲਦਲ ’ਚ ਗੁਆ ਦੇਣ ਉਪਰੰਤ ਐੱਸ. ਐੱਸ. ਪੀ. ਕਪੂਰਥਲਾ ਵੱਲੋਂ ਪ੍ਰੈੱਸ ਨੂੰ ਦਿੱਤੇ ਬਿਆਨ ਵਿਚ ਕਿ ਮੁਹੱਲਾ ਪੰਡੋਰੀ ਦੀ ਔਰਤ ਦੇ ਚਾਰ ਪੁੱਤਰਾਂ ਦੀ ਮੌਤ ਦੇ ਵੱਖ-ਵੱਖ ਕਾਰਨ ਸਨ। ਇਸ ਗੱਲ ਨੂੰ ਲੈ ਕੇ ਗੁੱਸੇ ’ਚ ਲਬਰੇਜ ਬਜ਼ੁਰਗ ਮਾਂ ਨੇ ਕਿਹਾ ਕਿ ਪੁੱਤ ਮੈਂ ਜੰਮੇ ਹਨ, ਮੈਨੂੰ ਪਤਾ ਹੈ, ਹੁਣ ਦੱਸੇ ਐੱਸ. ਐੱਸ. ਪੀ. 5ਵੇਂ ਪੁੱਤ ਦੀ ਮੌਤ ਕਿਵੇਂ ਹੋਈ ਹੈ।

ਪੀੜਤ ਨੇ ਕਿਹਾ ਕਿ ਮੈਨੂੰ ਕੀ ਲੋੜ ਹੈ ਝੂਠ ਬੋਲਣ ਦੀ ਕਿ ਮੇਰੇ ਪੁੱਤਰਾਂ ਦੀ ਮੌਤ ਨਸ਼ੇ ਕਾਰਨ ਹੋਈ ਹੈ। ਮੈਨੂੰ ਪਤਾ ਹੈ ਕਿ ਮੈਂ ਆਪਣੇ ਜਿਗਰ ’ਤੇ ਕਿਵੇਂ ਪੁੱਤਾਂ ਦੀ ਮੌਤ ਦਾ ਸੰਤਾਪ ਹੰਡਾਇਆ ਹੈ ਤੇ ਹੁਣ ਪੁਲਸ ਇਸ ’ਤੇ ਆਪਣੀ ਗਲਤੀ ਦਾ ਪਰਦਾ ਪਾ ਕੇ ਸਰਾਸਰ ਝੂਠ ਬੋਲ ਰਹੀ ਹੈ।

ਸਿੱਖੀ ਦੀ ਨੀਂਹ ਪਹਿਲੇ ਸਤਿਗੁਰੂ ਨਾਨਕ ਸਾਹਿਬ ਨੇ ਰੱਖਦਿਆਂ, ਨਿਰਮਲ ਪੰਥ ਚਲਾਇਆ, ਜਿਸ ਬਾਰੇ ਭਾਈ ਗੁਰਦਾਸ ਜੀ ਫੁਰਮਾਉਂਦੇ ਹਨ। ਸਿੱਖੀ ਨੂੰ ਦਸ ਗੁਰੂ ਸਾਹਿਬਾਨ ਦੇ ਰੂਪ ਵਿੱਚ ਫੈਲਾਉਂਦੇ ਹੋਇਆਂ, ਦਸਵੇਂ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਨੇ ‘ਹਰ ਸਿੱਖ ਨੂੰ ਅਕਾਲ ਪੁਰਖ ਦਾ ਖਾਲਸਾ’ ਨਾਂ ਦਿੱਤਾ। ‘ਸਿੱਖ’ ਦਰਅਸਲ ਸੰਸਕ੍ਰਿਤ ਦਾ ਸ਼ਬਦ ਹੈ, ਜਿਸ ਦਾ ਮੂਲ ਰੂਪ ‘ਸ਼ਿਸ਼’ ਹੈ ਤੇ ਅਰਥ ਹੈ ਸਿੱਖਣ ਵਾਲਾ ਸ਼ਗਿਰਦ ਜਾਂ ਵਿਦਿਆਰਥੀ। ਪਰ ਚੇਤੇ ਰੱਖਣ ਵਾਲੀ ਗੱਲ ਇਹ ਹੈ ਕਿ ਸਿੱਖੀ ਦੇ ਖੇਤਰ ਵਿੱਚ ਸਿੱਖ ਸ਼ਬਦ ਦੇ ਅਰਥ ‘ਸਨਾਤਨੀ ਮੱਤ’ ਨਾਲੋਂ ਵੱਖਰੇ ਹਨ। ਸਿੱਖੀ ਅੰਦਰ ‘ਸਿੱਖ’ ਸ਼ਬਦ ਸਿਰਫ਼ ਸਿੱਖਣ ਵਾਲਾ ਸ਼ਾਗਿਰਦ ਨਾ ਰਹਿ ਕੇ, ਇਸ ਦਾ ਅਰਥ ਅਤੇ ਪ੍ਰਸੰਗ ‘ਨਿਆਰਾ ਇਤਿਹਾਸ, ਬਿਰਤਾਂਤ ਅਤੇ ਸਿਧਾਂਤ’ ਬਣ ਜਾਂਦਾ ਹੈ, ਜਿੱਥੇ ਸਿੱਖ ਮੁਕੰਮਲ ਸਮਰਪਤਿ ਸੁਰਤ ਵਾਲਾ ਜੁਗਿਆਸੂ ਹੋ ਨਿਬੜਦਾ ਹੈ।

ਇਸੇ ਤਰੀਕੇ ਨਾਲ ਸਧਾਰਨ ਰੂਪ ਵਿੱਚ ‘ਗੁਰੂ’ ਸ਼ਬਦ ਦਾ ਅਰਥ ਹੈ ਹਨੇਰਾ ਦੂਰ ਕਰਨ ਵਾਲਾ। ਆਮ ਕਰਕੇ ਅਧਿਆਪਕ ਜਾਂ ਉਸਤਾਦ ਨੂੰ ਗੁਰੂ ਕਿਹਾ ਜਾਂਦਾ ਹੈ, ਪਰ ਜਦੋਂ ਸਿੱਖੀ ਵਿੱਚ ਗੁਰੂ ਸ਼ਬਦ ਆਉਂਦਾ ਹੈ, ਤਾਂ ਇਸ ਦਾ ਅਰਥ ‘ਸੁਰਤ ਦੀ ਅਗਵਾਈ ਕਰਨ ਵਾਲਾ ਸ਼ਬਦ’ ਹੋ ਨਿਬੜਦਾ ਹੈ। ਇਉਂ ਹੀ ਦਸ ਗੁਰੂ ਸਾਹਿਬਾਨ, ਗੁਰਤਾ ਗੱਦੀ ਦੇ ਰੂਪ ਵਿੱਚ ‘ਇਕ ਜੋਤ’ ਅਤੇ ਮੌਜੂਦਾ ਸਮੇਂ ਗੁਰੂ ਗ੍ਰੰਥ ਸਾਹਿਬ ਸਾਡੀ ਅਗਵਾਈ ‘ਗੁਰੂ’ ਵਜੋਂ ਕਰਦੇ ਹਨ। ਇੱਥੇ ‘ਗੁਰੂ’ ਸ਼ਬਦ ਕੇਵਲ ਉਸਤਾਦ ਜਾਂ ਅਧਿਆਪਕ ਨਾ ਹੋ ਕੇ, ਅਧਿਆਤਮਕ ਪ੍ਰਸੰਗ ਵਿੱਚ ਜੀਵਨ ਸੇਧ ਦਾ ਕਰਤਾ-ਧਰਤਾ ਅਤੇ ਲੋਕ-ਪਰਲੋਕ ਵਿੱਚ ਰਖਵਾਲਾ ਬਣ ਜਾਂਦਾ ਹੈ। ਇਸੇ ਕਾਰਨ ਹੀ ਸਿੱਖੀ ਵਿੱਚ ਦਸ ਗੁਰੂ ਸਾਹਿਬਾਨ ਅਤੇ ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਕਿਸੇ ਲਈ ਗੁਰੂ ਸ਼ਬਦ ਨਹੀਂ ਵਰਤਿਆ ਜਾਂਦਾ, ਜਦਕਿ ਹੋਰਨਾਂ ਰੂਹਾਨੀ ਸ਼ਖਸੀਅਤਾਂ ਲਈ ਭਗਤ, ਸੰਤ ਆਦਿ ਸ਼ਬਦ ਵਰਤਿਆ ਜਾਂਦਾ ਹੈ। ਇਹਨਾਂ ਵਿਲਖਣ ਸ਼ਬਦਾਂ ਨੂੰ ਰਲਗੱਡ ਕਰਨਾ ਠੀਕ ਨਹੀਂ।

‘ਖ਼ਾਲਸਾ’ ਸ਼ਬਦ ਮੂਲ ਰੂਪ ਵਿੱਚ ਫ਼ਾਰਸੀ ਦਾ ਹੈ, ਜਿਸਦਾ ਅਰਥ ਹੈ ਸਿੱਧਾ ਬਾਦਸ਼ਾਹ ਅਥਵਾ ਮਾਲਕ ਨੂੰ ਸਮਰਪਤ ਹੋਣਾ ਅਤੇ ਕਿਸੇ ਹੋਰ ਦੇ ਅਧੀਨ ਨਾ ਹੋਣਾ। ਇਸ ਸ਼ਬਦ ਦੇ ਅਰਥ ਸਿੱਖੀ ਵਿੱਚ, ਇਸਲਾਮਿਕ ਮੱਤ ਨਾਲੋਂ ਬਿਲਕੁਲ ਨਿਵੇਕਲੇ ਹੋ ਜਾਂਦੇ ਹਨ। ਇੱਥੇ ਖ਼ਾਲਸਾ ਇੱਕ ਪੰਥ ਹੈ ਤੇ ਅਕਾਲ ਪੁਰਖ ਨੂੰ ਸਮਰਪਿਤ ਹੈ, ਨਾ ਕਿ ਫਾਰਸੀ ਵਿੱਚੋਂ ਲਏ ਗਏ ਸ਼ਬਦ ਦੇ ਸੀਮਤ ਅਰਥਾਂ ਤੱਕ ਹੀ ਸੰਕੁਚਤ ਹੈ। ਸਿੱਖੀ ਦੀ ਆਰੰਭਤਾ ਪਹਿਲੇ ਪਾਤਸ਼ਾਹ ਗੁਰੂ ਨਾਨਕ ਸਾਹਿਬ ਨੇ ਕੀਤੀ ਅਤੇ ਸੰਗਤ ਅਤੇ ਧਰਮਸ਼ਾਲਾ ਦੇ ਰੂਪ ਵਿੱਚ ਇਸ ਦਾ ਫੈਲਾਓ ਹੁੰਦਾ ਗਿਆ।

ਤੀਜੇ ਗੁਰੂ ਨਾਨਕ, ਗੁਰੂ ਅਮਰਦਾਸ ਜੀ ਨੇ ‘22 ਮੰਜੀਆਂ’ ਥਾਪੀਆਂ, ਜਿਨ੍ਹਾਂ ਵਿੱਚ ਸਿੱਖ ਆਦਮੀ ਅਤੇ ਬੀਬੀਆਂ ਸਨ। ਉਹਨਾਂ ਦੂਰ ਦੁਰਾਡੇ ਤੱਕ ਸਿੱਖੀ ਦਾ ਪ੍ਰਚਾਰ ਕੀਤਾ। ਚੌਥੇ ਗੁਰੂ ਨਾਨਕ, ਗੁਰੂ ਰਾਮਦਾਸ ਜੀ ਨੇ ਇਸ ਨੂੰ ਹੋਰ ਵਿਸਥਾਰ ਦਿੰਦਿਆਂ, ‘ਮਸੰਦ’ ਪ੍ਰਥਾ ਦਾ ਰੂਪ ਦਿੱਤਾ, ਭਾਵ ਉਹ ਗੱਦੀਦਾਰ ਜਿਹੜੇ ਸਿੰਘਾਸਨ ਤੋਂ ਹੇਠਵੇਂ ਹੋਣ ਅਰਥਾਤ ਗੁਰੂ ਸਾਹਿਬ ਦੇ ਅਧੀਨ ਅਤੇ ਹੁਕਮ ਅਨੁਸਾਰ, ‘ਮਸੰਦ’ ਸਿੱਖੀ ਦੀ ਪ੍ਰਚਾਰ ਦਾ ਮੁੱਖ ਕੇਂਦਰ ਬਣੇ ਅਤੇ ਸਿੱਖੀ ਦੇ ਫੈਲਾਓ ’ਚ ਵਡਮੁੱਲੀ ਸੇਵਾ ਨਿਭਾਈ। ਨੌਵੇਂ ਗੁਰੂ ਨਾਨਕ, ਗੁਰੂ ਤੇਗ ਬਹਾਦਰ ਜੀ ਤੱਕ ਇਹ ਪ੍ਰਥਾ ਚਲਦੀ ਰਹੀ।

ਇੱਥੇ ਜ਼ਿਕਰਯੋਗ ਹੈ ਕਿ ਛੇਵੇਂ ਗੁਰੂ ਨਾਨਕ, ਗੁਰੂ ਹਰਗੋਬਿੰਦ ਸਾਹਿਬ ਮੌਕੇ ਅਨੇਕਾਂ ਅਜਿਹੇ ਇਲਾਕੇ ਵੀ ਸਨ, ਜਿੱਥੇ ਕੋਈ ਮਸੰਦ ਨਹੀਂ ਸੀ, ਪਰ ਸਿੱਖ ਸੰਗਤ ਵਸਦੀ ਸੀ। ਉਹਨਾਂ ਦੇ ਵਾਸਤੇ ਗੁਰੂ ਹਰਗੋਬਿੰਦ ਸਾਹਿਬ ਨੇ ਆਪਣੇ ਹੁਕਮਨਾਮਿਆਂ ਵਿੱਚ ਸ਼ਬਦ ‘ਖਾਲਸਾ’ ਵਰਤਿਆ, ਅਰਥਾਤ ਉਥੋਂ ਦੀ ਸੰਗਤ ਸਿੱਧੀ ਗੁਰੂ ਨਾਲ ਜੁੜੀ ਹੋਈ ਹੈ ਤੇ ਕੋਈ ਮਸੰਦ ਭਾਵ ਵਿਚੋਲਾ ਨਹੀਂ ਹੈ। ਇਉ ਹੀ ਗੁਰੂ ਤੇਗ ਬਹਾਦਰ ਜੀ ਤੱਕ ਅਜਿਹੇ ਹੁਕਮਨਾਮੇ ਮਿਲਦੇ ਹਨ, ਜਿਨ੍ਹਾਂ ਦੇ ਵੇਰਵੇ ਸਿੱਖ ਵਿਦਵਾਨ ਇਤਿਹਾਸਕਾਰ ਡਾਕਟਰ ਗੰਡਾ ਸਿੰਘ ਅਤੇ ਡਾਕਟਰ ਸ਼ਮਸ਼ੇਰ ਸਿੰਘ ਅਸ਼ੋਕ ਦੀਆਂ ਕਿਤਾਬਾਂ; ‘ਹੁਕਮਨਾਮੇ ਗੁਰੂ ਸਾਹਿਬਾਨ, ਮਾਤਾ ਸਾਹਿਬਾਨ, ਬੰਦਾ ਸਿੰਘ ਅਤੇ ਖਾਲਸਾ ਜੀ ਦੇ’ ਅਤੇ ‘ਨੀਸਾਣ ਅਤੇ ਹੁਕਮਨਾਮੇ’ ਵਿੱਚ ਦਰਜ ਹਨ।



ਡਾ. ਗੁਰਵਿੰਦਰ ਸਿੰਘ
604 825 1550


ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਮਸੰਦ ਪ੍ਰਥਾ ਦੇ ਸਬੰਧ ਵਿੱਚ ਇੰਕਸ਼ਾਫ ਹੋਣੇ ਆਰੰਭ ਹੋਏ ਕਿ ਬਹੁਤ ਸਾਰੇ ਇਲਾਕਿਆਂ ਦੇ ਮਸੰਦ ਕਿਰਦਾਰ ਤੋਂ ਗਿਰ ਚੁੱਕੇ ਸਨ ਅਤੇ ਭ੍ਰਿਸ਼ਟ ਹੋ ਚੁੱਕੇ ਸਨ। ਅਜਿਹੀ ਹਾਲਤ ਵਿੱਚ ਗੁਰੂ ਸਾਹਿਬ ਨੇ ਸੰਨ 1698 ਵਿੱਚ ਭਾਵ ਸੰਮਤ 1755 ’ਚ ਸਾਰੇ ਮਸੰਦਾਂ ਨੂੰ ਤਲਬ ਕੀਤਾ। ਜਿਹਨਾਂ ਮਸੰਦਾਂ ਨੇ ਕਿਰਦਾਰ ਪੱਖੋ ਗਲਤੀਆਂ ਕੀਤੀਆਂ ਤੇ ਭ੍ਰਿਸ਼ਟਾਚਾਰ ਫੈਲਾਇਆ, ਉਹਨਾਂ ਨੂੰ ਸਜ਼ਾਵਾਂ ਦਿੱਤੀਆਂ ਅਤੇ ਜੋ ਚੰਗੀ ਸੇਵਾ ਕਰਦੇ ਸਨ, ਉਹਨਾਂ ਤੇ ਬਖਸ਼ਿਸ਼ਾਂ ਕੀਤੀਆਂ। ਅਜਿਹੇ ਮੌਕੇ ਗੁਰੂ ਸਾਹਿਬ ਨੇ ਸਮੁੱਚੇ ਤੌਰ ’ਤੇ ‘ਮਸੰਦ ਪ੍ਰਥਾ ਨੂੰ ਖਤਮ’ ਕਰਦਿਆਂ ਇਹ ਹੁਕਮ ਜਾਰੀ ਕੀਤਾ ਕਿ ਸਿੱਖ ਹੁਣ ਮਸੰਦਾਂ ਦੀ ਥਾਂ, ਸਿੱਧੇ ਰੂਪ ਵਿੱਚ ‘ਗੁਰੂ ਦਾ ਖਾਲਸਾ’ ਹਨ, ਭਾਵ ਸਿੱਖ ਅਤੇ ਗੁਰੂ ਦਰਮਿਆਨ ਹੁਣ ਕੋਈ ਵਿਚੋਲਾ ਨਹੀਂ ਹੋਵੇਗਾ। ਇਉਂ ‘ਖਾਲਸਾ’ ਸ਼ਬਦ ਦਾ ਇਸਤੇਮਾਲ, ਹਰ ਉਸ ਸਿੱਖ ਲਈ ਹੋਣ ਲੱਗਿਆ, ਜਿਹੜਾ ਗੁਰੂ ਸਾਹਿਬ ਨੂੰ ਸਮਰਪਿਤ ਸੀ। ਪਹਿਲੀ ਵਿਸਾਖ ਸੰਮਤ 1756 ਸੰਨ 1699 (ਕੁਝ ਪੁਰਾਤਨ ਇਤਿਹਾਸਿਕ ਸਰੋਤਾਂ ਅਨੁਸਾਰ ਸੰਮਤ 1755 ਭਾਵ, ਸੰਨ 1698) ਨੂੰ ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਵਿਖੇ ਕੌਤਕ ਵਰਤਾਉਂਦਿਆਂ, ਖੰਡੇ ਦਾ ਪਾਹੁਲ ਤਿਆਰ ਕੀਤਾ। ਉਹਨਾਂ ਪੰਜ ਸਿਰਾਂ ਦੀ ਮੰਗ ਕੀਤੀ ਅਤੇ ਸਮਰਪਿਤ ਪੰਜ ਸਿੱਖਾਂ ਨੇ ਗੁਰੂ ਸਾਹਿਬ ਨੂੰ ਸੀਸ ਭੇਟ ਕੀਤੇ। ਇਸ ਤਰ੍ਹਾਂ ਇਹ ਪਵਿੱਤਰ ਦਿਹਾੜਾ ’ਸੀਸ ਭੇਟ ਦਿਵਸ’ ਹੋ ਨਿਬੜਿਆ। ਗੁਰੂ ਸਾਹਿਬ ਨੇ ਖੁਦ ਨੀਲਾ ਚੋਲਾ ਪਹਿਨਿਆ ਅਤੇ ਪੰਜਾਂ ਪਿਆਰਿਆ ਨੂੰ ਵੀ ਨੀਲੇ ਵਸਤਰ ਪਹਿਨਾਏ।

‘ਭੱਟ, ਗੁਰੂ ਕੀਆਂ ਵਹੀਆਂ’ ਅਤੇ ਕਵੀ ਸੈਨਾਪਤੀ ਅਨੁਸਾਰ ਗੁਰੂ ਸਾਹਿਬ ਨੇ ਪਹਿਲਾਂ ਖੰਡੇ ਦੀ ਪਹੁਲ ਦੇ ਪੰਜ ਚੂਲੇ ਆਪ ਛਕੇ ਅਤੇ ਫਿਰ ਪੰਜ ਪਿਆਰਿਆਂ ਨੂੰ ਛਕਾਏ। ਉਸ ਸਮੇਂ ‘ਸਿੰਘ’ ਸ਼ਬਦ ਗੁਰੂ ਸਾਹਿਬ ਨੇ ਆਪਣੇ ਨਾਮ ਨਾਲ ਲਗਾਇਆ ਅਤੇ ਪੰਜਾਂ ਪਿਆਰਿਆਂ ਨੂੰ ਇਹ ਪਛਾਣ ਬਖਸ਼ਿਸ਼ ਕਰਦਿਆਂ; ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ ਅਤੇ ਭਾਈ ਸਾਹਿਬ ਸਿੰਘ ਦੇ ਨਾਮ ਬਖਸ਼ੇ। ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖ ਆਦਮੀ ਅਤੇ ਬੀਬੀਆਂ ਨੇ ਖੰਡੇ ਦਾ ਪਾਹੁਲ ਲਿਆ ਅਤੇ ਸਿੰਘ ਤੇ ਕੌਰ ਬਣੇ। ਖੰਡੇ ਦਾ ਪਾਹੁਲ ਛਕਣ ਵਾਲੇ ਸਿੱਖਾਂ ਨੂੰ ਗੁਰੂ ਸਾਹਿਬ ਨੇ ਪੰਜ ਕਕਾਰ ਬਖਸ਼ੇ, ਚਾਰ ਕਰਹਿਤਾਂ ਤੋਂ ਵਰਜਿਆ ਅਤੇ ਗੁਰੂ ਘਰ ਤੋਂ ਬੇਮੁਖਾਂ ਨਾਲ ਸਾਂਝ ਨਾ ਰੱਖਣ ਦੇ ਹੁਕਮ ਦਿੱਤੇ।

ਦਸਵੇਂ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਨੇ ਜਾਰੀ ਹੁਕਮਨਾਮਿਆਂ ਵਿੱਚ ਸਿੱਖ ਸੰਗਤ ਲਈ ਸੰਬੋਧਨੀ ਸ਼ਬਦ ‘ਅਕਾਲ ਪੁਰਖ ਦਾ ਖਾਲਸਾ’ ਵਰਤਿਆ ਅਤੇ ਸਿੱਖ ਜਗਤ ਨੂੰ ਸਿੱਧੇ ਤੌਰ ’ਤੇ ਗੁਰੂ ਨੂੰ ਸਮਰਪਿਤ ਹੁੰਦਿਆਂ, ‘ਖਾਲਸਾ’ ਸ਼ਬਦ ਰਾਹੀਂ ਸੰਬੋਧਨ ਕੀਤਾ। ਇਉ ਸਿੱਖੀ, ਸਿੱਖ ਵਿਰਸੇ, ਸਿੱਖ ਸੱਭਿਆਚਾਰ ਤੇ ਸਿੱਖ ਸਭਿਅਤਾ ਦੇ ਰੂਪ ਵਿੱਚ ਅਰਥਾਂ ਦੇ ਨਵੇਂ ਪ੍ਰਸੰਗ ਅਤੇ ਨਵੇਂ ਵਿਰਾਸਤੀ ਅਰਥ ਉਜਾਗਰ ਹੋਏ। ਜਿੱਥੇ ਗੁਰੂ ਨਾਨਕ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਤੱਕ ਇੱਕੋ ਜੋਤ ਹਨ, ਉੱਥੇ ‘ਸਿੱਖੀ ਅਤੇ ਖ਼ਾਲਸਾ ਪੰਥ’ ਵੀ ਇੱਕੋ ਹੀ ਹਨ। ਇਹਨਾਂ ਨੂੰ ਅੱਡ ਕਰਕੇ ਵੇਖਣਾ ਵੱਡੀ ਕੁਤਾਹੀ ਹੈ। ਇਸੇ ਕਾਰਨ ‘ਸਿੱਖੀ’ ਵਜੋਂ ਆਰੰਭ ਅਤੇ ‘ਖਾਲਸੇ’ ਵਜੋਂ ਮੁਕੰਮਲ ਹੋਣ ਦਾ ਇਹ ਸਫਰ ‘ਖਾਲਸਾ ਦਿਹਾੜੇ’ ਵਜੋਂ ਮਨਾਇਆ ਜਾਂਦਾ ਹੈ। ‘ਖ਼ਾਲਸਾ’ ਦਿਹਾੜੇ ’ਤੇ ਇਸ ਪੱਖ ਤੋਂ ਵਿਚਾਰ ਅਹਿਮ ਹੈ ਕਿ ਗੁਰੂ ਨਾਨਕ ਸਾਹਿਬ ਵੱਲੋਂ ਸਾਜੀ ‘ਸਿੱਖੀ’ ਲਈ ਗੁਰੂ ਦਸਵੇਂ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਨੇ ‘ਖ਼ਾਲਸਾ’ ਨਾਂ ਬਖਸ਼ਿਆ। ਇਸ ਦੀ ਵਿਲੱਖਣਤਾ ਸੰਸਾਰ ਪੱਧਰ ’ਤੇ ਮਨੁੱਖੀ ਹੱਕਾਂ, ਮਾਨਵੀ ਬਰਾਬਰੀ ਅਤੇ ਸਰਬੱਤ ਦੇ ਭਲੇ ਪੱਖੋਂ ਉਜਾਗਰ ਹੋਣਾ ਹੀ, ‘ਸਿੱਖ ਵਿਰਾਸਤੀ ਖ਼ਾਲਸਾ ਦਿਹਾੜਾ’ ਸਹੀ ਅਰਥਾਂ ਵਿੱਚ ਮਨਾਉਣਾ ਕਿਹਾ ਜਾ ਸਕਦਾ ਹੈ। ਸਿੱਖਾਂ ਲਈ ਇਹ ਮਾਣ ਵਾਲੀ ਗੱਲ ਹੈ ਕਿ ਕੈਨੇਡਾ ਦੁਨੀਆਂ ਦਾ ਅਜਿਹਾ ਪਹਿਲਾ ਦੇਸ਼ ਹੈ, ਜਿੱਥੇ ਸਿੱਖ ਵਿਰਾਸਤੀ ਮਹੀਨਾ ਰਾਸ਼ਟਰੀ ਤੌਰ ’ਤੇ ਮਨਾਇਆ ਜਾਂਦਾ ਹੈ। ਇਸ ਦੇ ਇਤਿਹਾਸ ਵੱਲ ਵੇਖੀਏ, ਤਾਂ ਸੰਨ 2013 ਵਿਚ ਨਿਊ ਡੈਮੋਕਰੇਟਿਕ ਪਾਰਟੀ ਦੇ ਆਗੂ ਜਗਮੀਤ ਸਿੰਘ ਨੇ ਕੈਨੇਡਾ ਦੇ ਸੂਬੇ ਓਂਟੈਰੀਓ ਵਿੱਚ ਵਿਧਾਇਕ ਹੁੰਦਿਆਂ ਅਜਿਹਾ ਮਤਾ ਪੇਸ਼ ਕੀਤਾ ਸੀ, ਜਿਸ ਤੋਂ ਬਾਅਦ ਓਂਟੈਰੀਓ ਵਿੱਚ ਸਿੱਖ ਵਿਰਾਸਤੀ ਮਹੀਨਾ ਮਨਾਉਣਾ ਆਰੰਭ ਹੋਇਆ। ਕੈਨੇਡਾ ਵਿੱਚ ਕੌਮੀ ਪੱਧਰ ’ਤੇ ਸੰਨ 2018 ਵਿਚ ਲਿਬਰਲ ਪਾਰਟੀ ਦੇ ਐਮਪੀ ਸੁਖ ਧਾਲੀਵਾਲ ਨੇ ਹਾਊਸ ਆਫ ਕਾਮਨਜ਼ ਪ੍ਰਾਈਵੇਟ ਮੈਂਬਰ ਬਿੱਲ ਸੀ 376 ਲਿਆਂਦਾ, ਜੋ ਕਿ ਉਸ ਵੇਲੇ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਅਗਵਾਈ ਵਿੱਚ 30 ਅਪ੍ਰੈਲ 2019 ਨੂੰ ‘ਸਿੱਖ ਹੈਰੀਟੇਜ ਐਕਟ’ ਬਣਿਆ।

ਸੰਨ 2026 ਕੈਨੇਡਾ ਪੱਧਰ ’ਤੇ ਅਪ੍ਰੈਲ ਮਹੀਨੇ ਨੂੰ ਸਿੱਖ ਵਿਰਾਸਤੀ ਮਹੀਨੇ ਵਜੋਂ ਮਨਾਉਣ ਦੀ 7ਵੀਂ ਵਰੇਗੰਢ ਹੈ। ਕੈਨੇਡਾ ਸਿੱਖ ਵਿਰਾਸਤੀ ਮਹੀਨਾ ਉਤਸ਼ਾਹ ਨਾਲ ਮਨਾ ਰਿਹਾ ਹੈ, ਜਿਸ ਦੌਰਾਨ ਇਤਿਹਾਸਕ ਪ੍ਰਦਰਸ਼ਨੀਆਂ, ਨਗਰ ਕੀਰਤਨਾਂ, ਸੱਭਿਆਚਾਰਕ ਸਮਾਗਮਾਂ ਅਤੇ ਵਿਚਾਰ ਗੋਸ਼ਟੀਆਂ ਦਾ ਆਯੋਜਨ ਹੋ ਰਿਹਾ ਹੈ। ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਪੱਧਰ ’ਤੇ ਕੈਨੇਡਾ ਸਰਕਾਰ ਦੀ ਪ੍ਰਵਾਨਗੀ ਨਾਲ ਅਜਿਹੇ ਸਮਾਗਮ ਵੱਧ-ਚੜ ਕੇ ਕੀਤੇ ਜਾ ਸਕਦੇ ਹਨ, ਇਸਦਾ ਸਾਨੂੰ ਲਾਹਾ ਲੈਣਾ ਚਾਹੀਦਾ ਹੈ।

ਕੈਨੇਡਾ ਦੇ ਰਾਜਨੀਤਿਕ ਆਗੂਆਂ ਵੱਲੋਂ ਅਪ੍ਰੈਲ ਦੇ ਸਿੱਖ ਵਿਰਾਸਤੀ ਮਹੀਨੇ ’ਤੇ ਸਮੂਹ ਕੈਨੇਡੀਅਨ ਭਾਈਚਾਰੇ ਨੂੰ ਵਧਾਈ ਦਿੰਦਿਆਂ ਕਿਹਾ ਗਿਆ ਕਿ ਇਹ ਵਿਭਿੰਨਤਾ ਜਿੱਥੇ ਸਾਡੀ ਤਾਕਤ ਹੈ, ਉੱਥੇ ਸਿੱਖ ਭਾਈਚਾਰਾ ਨਿਰਸੁਆਰਥ, ਹਮਦਰਦੀ ਅਤੇ ਮਹਾਨਤਾ ਸਦਕਾ ਕੈਨੇਡਾ ਨੂੰ ਮਹਾਨ ਬਣਾਉਣ ਦੀ ਅਹਮ ਭੂਮਿਕਾ ਨਿਭਾ ਰਿਹਾ ਹੈ। ਕਰੀਬ 130 ਸਾਲ ਤੋਂ ਸਿੱਖ ਕੈਨੇਡੀਅਨਾਂ ਨੇ ਇਸ ਦੇਸ਼ ਨੂੰ ਬਰਾਬਰੀ, ਹਮਦਰਦੀ ਭਰਪੂਰ ਅਤੇ ਨਿਆਪੂਰਨ ਕੈਨੇਡਾ ਬਣਾਉਣ ਵਿੱਚ ਖਾਸ ਮਦਦ ਕੀਤੀ ਹੈ। ਇਸ ਕਰਕੇ ਸਿੱਖ ਵਿਰਾਸਤੀ ਮਹੀਨਾ ਸਿੱਖਾਂ ਦੇ ਮਹਾਨ ਇਤਿਹਾਸ ਬਾਰੇ ਵਿਚਾਰ ਕਰਨ ਅਤੇ ਸਿੱਖ ਭਾਈਚਾਰੇ ਦੀਆਂ ਉਹਨਾਂ ਕਦਰਾਂ ਕੀਮਤਾਂ ਨੂੰ ਪਛਾਨਣ ਦਾ ਸੁਨਹਿਰੀ ਮੌਕਾ ਹੈ, ਜੋ ਕੈਨੇਡਾ ਦੇਸ਼ ਦਾ ਨਿਰਮਾਣ ਕਰ ਰਹੀਆਂ ਹਨ।

ਅਪ੍ਰੈਲ ਦੇ ਸਿੱਖ ਵਿਰਾਸਤੀ ਮਹੀਨੇ ਦੌਰਾਨ, ਖਾਲਸਾ ਦਿਹਾੜੇ ਮੌਕੇ ’ਤੇ ਨਗਰ ਕੀਰਤਨ ਸਜਾਉਣ ਦੇ ਉਪਰਾਲੇ ਹੁੰਦੇ ਹਨ। ਨਗਰ ਕੀਰਤਨਾਂ ਦੇ ਸਬੰਧ ਵਿੱਚ ਅਹਿਮ ਵਿਚਾਰ ਹੈ ਕਿ ਖਾਲਸਾ ਦਿਹਾੜੇ ਨੂੰ ‘ਮੇਲੇ’ ਦੀ ਥਾਂ, ਗੁਰਪੁਰਬ ਦੇ ਅਮਲੀ ਰੂਪ ਵਿਚ ਮਨਾਇਆ ਜਾਏ। ਅੱਜ ਪੰਜਾਬ ਤੋਂ ਲੈ ਕੇ ਦੁਨੀਆਂ ਦੇ ਹਰ ਕੋਨੇ ਵਿੱਚ, ਜਿੱਥੇ ਵੀ ਸਿੱਖ ਵਸਦੇ ਹਨ, ਅਕਾਲ ਪੁਰਖ ਦਾ ਜਸ ਅਤੇ ਕੀਰਤੀ ਕਰਦੇ ਹਨ। ਸਿੱਖ ਕੌਮ ਇਤਿਹਾਸਕ ਮੌਕਿਆਂ ਉੱਪਰ ਨਗਰ ਕੀਰਤਨ ਸਜਾਉਂਦੀ ਹੈ। ਇਹ ਪਰੰਪਰਾ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਤੋਂ ਲੈ ਕੇ ਕੈਨੇਡਾ, ਅਮਰੀਕਾ, ਇੰਗਲੈਂਡ, ਆਸਟਰੇਲੀਆ, ਨਿਊਜ਼ੀਲੈਂਡ, ਸਿੰਗਾਪੁਰ, ਮਲੇਸ਼ੀਆ, ਦੁਬਈ ਅਤੇ ਪਾਕਿਸਤਾਨ ਸਮੇਤ ਹਰ ਉਸ ਮੁਲਕ ਦੇ ਵਿੱਚ ਸ਼ਾਨ ਨਾਲ ਕਾਇਮ ਹੈ, ਜਿੱਥੇ ਵੀ ਗੁਰੂ ਨਾਨਕ ਨਾਮ ਲੇਵਾ ਸਿੱਖ

ਵਸਿਆ ਹੋਇਆ ਹੈ। ਨਗਰ ਕੀਰਤਨ ਸ਼ਬਦ ਦੀ ਪਰਿਭਾਸ਼ਾ ਦੇਖੀਏ, ਤਾਂ ਇਹ ਦੋ ਸ਼ਬਦਾਂ ਦਾ ਜੋੜ ਹੈ : 'ਨਗਰ' ਅਤੇ 'ਕੀਰਤਨ'। ਕੀਰਤਨ ਸ਼ਬਦ ਗੁਰਬਾਣੀ 'ਚ ਅਨੇਕਾਂ ਵਾਰ ਆਇਆ ਹੈ। ਜਿੱਥੇ ਕੀਰਤਨ ਗਾਇਨ ਸਿੱਖੀ ਦਾ ਸ਼ਾਨਮਈ ਵਿਰਸਾ ਹੈ ਅਤੇ ਗੁਰੂ ਸਾਹਿਬਾਨ ਸਮੇਂ ਤੋਂ ਕੀਰਤਨ ਆਰੰਭ ਹੋਇਆ ਹੈ, ਉੱਥੇ ਇਹ ਸਦਾ ਹੀ ਕਾਇਮ ਹੈ ਅਤੇ ਰਹੇਗਾ। ਗੁਰੂ ਨਾਨਕ ਸਾਹਿਬ ਅਤੇ ਭਾਈ ਮਰਦਾਨਾ ਜੀ ਦੇ ਸਬੰਧ ਵਿੱਚ ਭਾਈ ਗੁਰਦਾਸ ਜੀ ਦੀਆਂ ਵਾਰਾਂ 'ਚ ਅਨੇਕ ਥਾਵਾਂ 'ਤੇ ਇਹ ਸ਼ਬਦ ਹਨ, ਜਦੋਂ ਗੁਰੂ ਸਾਹਿਬ ਬਾਣੀ ਰਚਦੇ ਅਤੇ ਗਾਇਨ ਕਰਦੇ ਤੇ ਭਾਈ ਮਰਦਾਨਾ ਜੀ ਰਬਾਬ ਵਜਾਉਂਦੇ। ਗੁਰੂ ਕਾਲ ਦੌਰਾਨ ਹੀ ਪੰਚਮ ਪਾਤਸ਼ਾਹ ਗੁਰੂ ਅਰਜਨ ਸਾਹਿਬ ਨੇ ਸਿੱਖਾਂ ਨੂੰ ਮੌਲਿਕ ਰੂਪ ਵਿੱਚ ਸਰੰਦਾ ਅਤੇ ਅਨੇਕਾਂ ਹੋਰ ਸਾਜ ਬਖਸ਼ੇ ਅਤੇ ਹਰ ਇਕ ਸਿੱਖ ਨੂੰ ਕੀਰਤਨ ਕਰਨ ਵਾਸਤੇ ਪ੍ਰੇਰਿਆ।

ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ 31 ਰਾਗਾਂ ਵਿੱਚ ਦਰਜ ਕਰਨ ਅਤੇ ਰਾਗਾਂ ਵਿੱਚ ਗਾਇਨ ਦੀ ਵਿਧੀ ਇਸ ਦੀ ਮਿਸਾਲ ਹੈ, ਜਿਸ ਨੂੰ ਆਧਾਰ ਬਣਾ ਕੇ, ਕੀਰਤਨੀਏ ਰਾਗਾਂ ਦਾ ਅਧਿਐਨ ਕਰਦੇ ਹਨ। ਕੀਰਤਨ ਗਾਇਨ ਦੇ ਮਹਾਨ ਗੌਰਵਮਈ ਵਿਰਸੇ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਉੱਚਾ ਰੁਤਬਾ ਦਿੱਤਾ। ਇੱਥੋਂ ਤੱਕ ਕਿ ਜੰਗਾਂ ਮੌਕੇ ਵੀ 'ਆਸਾ ਜੀ ਦੀ ਵਾਰ' ਦਾ ਕੀਰਤਨ ਆਪ ਜੀ ਦੇ ਖੁਦ ਗਾਇਨ ਕਰਨ ਦੀਆਂ ਇਤਿਹਾਸਕ ਮਿਸਾਲਾਂ ਸਾਹਮਣੇ ਹਨ। ਉਸ ਸਮੇਂ ਤੋਂ ਲੈ ਕੇ ਅੱਜ ਤੱਕ ਕੀਰਤਨ ਦਾ ਸਤਿਕਾਰ ਵਧਿਆ ਅਤੇ ਇਹ ਹਮੇਸ਼ਾ ਕਾਇਮ ਹੈ। ਸ਼ਬਦ 'ਨਗਰ' ਦਾ ਭਾਵ ਅਸਥਾਨ ਤੋਂ ਹੈ, ਚਾਹੇ ਪਿੰਡ, ਕਸਬਾ, ਸ਼ਹਿਰ, ਕੁਝ ਵੀ ਹੋਵੇ। ਦੇਸ਼-ਵਿਦੇਸ਼ ਜਿੱਥੇ ਵੀ, ਜਿਸ ਵੀ ਸ਼ਹਿਰ ਵਿੱਚ ਸਿੱਖ ਵੱਸਦੇ ਹਨ, ਉਨ੍ਹਾਂ ਲਈ ਉਹ ਨਗਰ ਹੈ। ਇਉਂ ਨਗਰ ਅਤੇ ਕੀਰਤਨ, ਦੋਹੇਂ ਸ਼ਬਦਾਂ ਦੇ ਜੋੜ ਤੋਂ 'ਨਗਰ ਕੀਰਤਨ' ਬਣਦਾ ਹੈ, ਜਿਸ ਦਾ ਭਾਵ ਹੈ ਵਿਸ਼ੇਸ਼ ਧਾਰਮਿਕ ਮੌਕਿਆਂ 'ਤੇ ਨਗਰ ਵਿੱਚ ਕੀਰਤਨ ਕਰਦੇ ਹੋਏ ਸਿੱਖੀ ਦੀ ਸ਼ੋਭਾ ਵਧਾਉਣੀ ਅਤੇ ਹੋਰਨਾ ਕੌਮਾਂ ਨੂੰ ਇਸ ਤੋਂ ਜਾਣੂ ਕਰਵਾਉਣਾ। ਇਸ ਦਾ ਖਾਸ ਨਿਯਮ ਇਹ ਹੈ ਕਿ ਨਗਰ ਕੀਰਤਨ ਸਜਾਉਂਦੇ ਹੋਏ, ਕੀਰਤਨ ਕਰਦਿਆਂ ਹੋਇਆਂ, ਨਗਰ ਵਿੱਚ ਦੀ ਗੁਜ਼ਰਨਾ। ਨਗਰ ਵਿੱਚ ਕੀਰਤਨ ਗਾਇਨ ਕਰਦੇ ਚੱਲਣਾ। ਕਿਉਂਕਿ ਨਗਰ ਕੀਰਤਨ ਨਿਰੋਲ ਧਾਰਮਿਕ ਅਤੇ ਸਿੱਖੀ ਪ੍ਰਚਾਰ ਦਾ ਜ਼ਰੀਆ ਹੈ, ਇਸ ਕਰਕੇ ਨਗਰ ਕੀਰਤਨ ਵਿੱਚ ਸਿੱਖ ਵਿਰਸੇ ਨਾਲ ਸਬੰਧਤ ਧਾਰਮਿਕ ਪੱਖਾਂ ਨੂੰ ਜੋੜ ਕੇ ਵੇਖਿਆ ਜਾਂਦਾ ਹੈ, ਜਿਵੇਂ ਕਿ ਨਗਰ ਕੀਰਤਨ ਵਿੱਚ ਸਿੱਖਾਂ ਦੀ ਸ਼ਾਨਦਾਰ ਵਿਰਾਸਤ ਦਾ ਪ੍ਰਤੀਕ ਗੱਤਕਾ ਖੇਡਣਾ, ਜੋ ਕਿ ਤਖ਼ਤ ਸਾਹਿਬਾਨਾਂ ਤੋਂ ਲੈ ਕੇ ਹਰ ਗੁਰਦੁਆਰਾ ਸਾਹਿਬ ਤੱਕ ਮੌਜੂਦ ਹੈ। ਇਸ ਦੇ ਨਾਲ ਹੀ ਗੁਰਬਾਣੀ ਦੀ ਕਥਾ-ਵਿਚਾਰ, ਢਾਡੀ, ਕਵੀਸ਼ਰੀ ਪਰੰਪਰਾ, ਇਹ ਸਭ ਸਿੱਖੀ ਦੇ ਧਾਰਮਿਕ ਪੱਖ ਹਨ ਅਤੇ ਨਗਰ ਕੀਰਤਨ ਦਾ ਹਿੱਸਾ ਹਨ। ਪਹਿਲਾਂ ਪਹਿਲ ਇਸ ਸਬੰਧੀ 'ਜਲੂਸ' ਸ਼ਬਦ ਵਰਤਿਆ ਜਾਂਦਾ ਸੀ, ਉਹ ਵੀ ਨਾਂਹ ਵਾਚਕ ਨਹੀਂ ਸੀ, ਬਲਕਿ ਖਾਲਸੇ ਦੀ ਸ਼ਾਨ ਦੇ ਤੌਰ ਤੇ ਜਲੂਸ ਸਜਾਏ ਜਾਣਾ, ਮਹਾਨ ਕਾਰਜ ਵਜੋਂ ਜਾਣਿਆ ਜਾਂਦਾ ਰਿਹਾ ਹੈ। ਹੁਣ ਨਗਰ ਕੀਰਤਨ ਸ਼ਬਦ ਪ੍ਰਚਲਿਤ ਹੋਣਾ ਵੀ ਕੋਈ ਗਲਤ ਨਹੀਂ, ਬਲਕਿ ਚੰਗੀ ਭਾਵਨਾ ਵਿੱਚੋਂ ਪੈਦਾ ਹੋਇਆ ਹੈ।



ਵਰਤਮਾਨ ਸਮੇਂ ਪੰਜਾਬ ਤੋਂ ਬਾਹਰ ਵਿਦੇਸ਼ਾਂ ਵਿੱਚ ਹੋਰ ਵੀ ਜ਼ਰੂਰੀ ਬਣ ਜਾਂਦਾ ਹੈ ਕਿ ਨਗਰ ਕੀਰਤਨ ਦੇ ਮੌਕੇ 'ਤੇ ਇਤਿਹਾਸ ਅਤੇ ਵਿਰਸੇ ਦੇ ਮਹੱਤਵ ਨੂੰ ਪੇਸ਼ ਕਰਦੇ ਪੁਸਤਕਾਂ ਜਾਂ ਪੰਫਲਿਟ, ਗੁਰਮੁਖੀ ਤੋਂ ਇਲਾਵਾ ਅੰਗਰੇਜ਼ੀ ਅਤੇ ਹੋਰਨਾਂ ਭਾਸ਼ਾਵਾਂ ਵਿੱਚ ਵੰਡੇ ਜਾਣ। ਨਗਰ ਕੀਰਤਨ ਦੇ ਸ਼ੋਭਨੀਕ ਸਰੂਪ ਦੀ ਮਹੱਤਤਾ ਇਹ ਵੀ ਹੈ ਕਿ ਸੰਗਤਾਂ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਮਗਰ ਤੁਰਨ, ਨਾ ਕਿ ਜ਼ਿਆਦਾ ਤਾਦਾਦ ਵਿੱਚ ਗੱਡੀਆਂ ਚੱਲਣ। ਚੱਲਦਿਆਂ ਹੋਇਆਂ ਇਹ ਵੀ ਖਿਆਲ ਰੱਖਿਆ ਜਾਏ ਕਿ ਅਸੀਂ ਗੁਰਬਾਣੀ ਤੇ ਨਗਰ ਕੀਰਤਨ ਦਾ ਸਤਿਕਾਰ ਕਰਦੇ ਹੋਏ ਸਿਰ ਢੱਕੇ ਹਨ ਅਤੇ ਕਿਸੇ ਵੀ ਕਿਸਮ ਦੇ 'ਨਸ਼ਾ ਸੇਵਨ ਤੋਂ ਮੁਕਤ' ਹਾਂ। ਸਿੱਖੀ ਵਿੱਚ ਨਸ਼ਾ ਵਿਵਰਜਤ ਹੈ ਅਤੇ ਇਹ ਸਿਹਤ ਅਤੇ ਮਾਹੌਲ ਖਰਾਬ ਕਰਦਾ ਹੈ। ਨਗਰ ਕੀਰਤਨ ਮੌਕੇ ਕਈ ਵਾਰ ਗੁਰਬਾਣੀ ਪ੍ਰਚਾਰ ਦੀ ਥਾਂ 'ਤੇ ਵੱਖ-ਵੱਖ ਫਲੋਟਾਂ 'ਤੇ ਵਪਾਰੀ-ਕਾਰੋਬਾਰੀ ਪ੍ਰਚਾਰ ਸ਼ੁਰੂ ਹੋ ਜਾਂਦੇ ਹਨ, ਜਿਨ੍ਹਾਂ ਦਾ ਨਗਰ ਕੀਰਤਨ ਨਾਲ ਸਬੰਧ ਨਹੀਂ ਹੁੰਦਾ। ਅਜਿਹਾ ਕਰਨਾ ਨਗਰ ਕੀਰਤਨ ਸਰੂਪ ਅਤੇ ਪਰਿਭਾਸ਼ਾ ਦੇ ਬਿਲਕੁਲ ਉਲਟ ਹੈ ਅਤੇ ਇਸ ਤੋਂ ਗੁਰੇਜ ਕਰਨਾ ਚਾਹੀਦਾ ਹੈ। ਨਗਰ ਕੀਰਤਨ ਦੌਰਾਨ ਸਟੇਜਾਂ ਤੋਂ ਭੰਗੜੇ ਜਾਂ ਗਿੱਧੇ ਆਦਿਕ ਨਾਚਾਂ ਦੀਆਂ ਪੇਸ਼ਕਾਰੀਆਂ ਨਗਰ ਕੀਰਤਨ ਦੇ ਸਰੂਪ ਦੇ ਅਨੁਕੂਲ ਨਹੀਂ। ਇਨ੍ਹਾਂ ਦੀ ਥਾਂ ਦਸਤਾਰਾਂ ਸਜਾਉਣ, ਬੀਰ-ਰਸੀ ਵਾਰਾਂ ਗਾਉਣ ਅਤੇ ਸਿੱਖ ਮਾਰਸ਼ਲ ਆਰਟਸ ਗੱਤਕੇ ਦੇ ਜੌਹਰ ਦਿਖਾਉਣ ਨੂੰ ਪ੍ਰਚਾਰਨਾ ਚਾਹੀਦਾ ਹੈ। ਲੋਕ ਨਾਚ ਪੰਜਾਬੀ ਸੱਭਿਆਚਾਰ ਦਾ ਹਿੱਸਾ ਹਨ ਅਤੇ ਇਨ੍ਹਾਂ ਦੀ ਪੇਸ਼ਕਾਰੀ ਨਗਰ ਕੀਰਤਨ ਦੀ ਜਗ੍ਹਾ, ਵੱਖਰੇ ਮੰਚਾਂ ਤੋਂ ਹੋਣੀ ਚਾਹੀਦੀ ਹੈ। ਇਹ ਨਾ ਵਿਵਾਦ ਦਾ ਵਿਸ਼ਾ ਹੋਣਾ ਚਾਹੀਦਾ ਹੈ ਤੇ ਨਾ ਹੀ ਇਸ 'ਤੇ ਕੋਈ ਸੁਆਲ ਹੀ ਉੱਠਣ ਦੀ ਗੁੰਜਾਇਸ਼ ਹੈ, ਕਿਉਂਕਿ ਨਗਰ ਕੀਰਤਨ ਦਾ ਭਾਵ ਕੀਰਤਨ ਤੋਂ ਹੈ, ਜੋ ਨਗਰ 'ਚੋਂ ਗੁਜ਼ਰਦਿਆਂ ਸ਼ਰਧਾ-ਸਤਿਕਾਰ ਅਤੇ ਪ੍ਰੇਮ-ਰਸ ਵਿੱਚ ਭਿੱਜ ਕੇ ਕੀਤਾ ਜਾਂਦਾ ਹੈ।

ਸਿੱਖ ਵਿਰਸੇ ਅਤੇ ਇਤਿਹਾਸ ਨਾਲ ਸਬੰਧਤ ਵਿਚਾਰਾਂ, ਨਗਰ ਕੀਰਤਨ ਦਾ ਮੂਲ ਮਨੋਰਥ ਹੋਣੀਆਂ ਚਾਹੀਦੀਆਂ ਹਨ, ਜਿਹਨਾਂ ਵਿੱਚ ਸਿੱਖ ਕੌਮ ਦੇ ਲੰਮੇ ਸੰਘਰਸ਼ ਅਤੇ ਚੁਣੌਤੀਆਂ ਸਬੰਧੀ ਖਾਲਸੇ ਦੇ ਨੁਕਤਾ-ਨਿਗਾਹ ਤੋਂ ਵਿਚਾਰਾਂ ਹੋਣ। ਇੱਥੇ ਇਹ ਚੰਗੀ ਗੱਲ ਹੈ ਕਿ ਜੇਕਰ ਵੱਖ-ਵੱਖ ਸਟੇਜਾਂ ਤੋਂ ਨਗਰ ਕੀਰਤਨ ਦੇ ਇਤਿਹਾਸਕ ਮਹੱਤਵ ਅਤੇ ਸਿੱਖੀ ਨਾਲ ਸਬੰਧਤ ਕਾਰਜਾਂ ਬਾਰੇ ਸੰਬੰਧਿਤ ਧਿਰਾਂ ਵੱਲੋਂ ਨਿਭਾਈਆਂ ਜਾ ਰਹੀਆਂ ਭੂਮਿਕਾਵਾਂ ਦੀ ਜਾਣਕਾਰੀ ਦਿੱਤੀ ਜਾਵੇ, ਨਾ ਕਿ 'ਨਿੱਜੀ ਪ੍ਰਚਾਰ' ਨਗਰ ਕੀਰਤਨ ਦਾ ਕੇਂਦਰ ਬਿੰਦੂ ਹੋਣ। ਸੰਗਤ ਰੂਪ ਵਿੱਚ ਨਗਰ ਕੀਰਤਨ ਦੀ ਪਰਿਭਾਸ਼ਾ ਅਤੇ ਸਰੂਪ ਦੇ ਅਨੁਕੂਲ ਚੱਲਦਿਆਂ ਇਹ ਯਤਨ ਹੋਵੇ ਕਿ ਇਹ ਮਨੋਰੰਜਨ ਦਾ ਕੇਂਦਰਬਿੰਦੂ ਨਾ ਹੋ ਕੇ, ਮਹਾਨ ਵਿਰਸੇ ਦੀ ਇਤਿਹਾਸਕ ਜਾਣਕਾਰੀ ਦਾ ਕੇਂਦਰ ਹੈ। ਅਜਿਹੀ ਸੋਚ ਨਾਲ ਹੀ ਨਗਰ ਕੀਰਤਨ ਵਿੱਚ ਸ਼ਾਮਲ ਹੋਇਆ ਜਾਵੇ।

ਨਗਰ ਕੀਰਤਨ ਮੌਕੇ ਥਾਂ-ਥਾਂ ਲੱਗੇ ਸਟਾਲਾਂ ਦੀ ਸੇਵਾ ਜਿੱਥੇ ਬਹੁਤ ਅਹਿਮ ਹੈ, ਉੱਥੇ ਇਹ ਵੀ ਖਿਆਲ ਰੱਖਿਆ ਜਾਵੇ ਕਿ 'ਨਿਰਾ ਭੋਜਨ ਵੰਡਣ' 'ਤੇ ਹੀ ਅਸੀਂ ਕੇਂਦਰਿਤ ਨਾ ਹੋ ਜਾਈਏ, ਸਗੋਂ 'ਸ਼ਬਦ ਦੇ ਲੰਗਰ' ਭਾਵ ਕਿਤਾਬਾਂ ਦੇ ਸਟਾਲ ਵੱਧ ਤੋਂ ਵੱਧ ਲਗਾਏ ਜਾਣ। ਕੌੜੀ ਸਚਾਈ ਹੈ ਕਿ ਨਗਰ ਕੀਰਤਨ ਮੌਕੇ ਵਧੇਰੇ ਲੋਕ ਭੋਜਨ ਦੇ ਸਟਾਲਾਂ 'ਤੇ ਹੀ ਇਕੱਤਰ ਹੁੰਦੇ ਹਨ। ਕਈ ਵਾਰ ਤਾਂ ਇੰਝ ਜਾਪਦਾ ਹੈ ਜਿਵੇਂ ਹੱਦੋਂ ਵੱਧ ਖਾ ਕੇ, ਇੱਕੋ ਦਿਨ ਵਿੱਚ ਸਾਰੀ ਭੁੱਖ ਪੂਰੀ ਕਰਨੀ ਹੋਵੇ। ਖਾਣ-ਪੀਣ ਦੇ ਸਟਾਲਾਂ ਵਿਚ ਵੀ ਪੌਸ਼ਟਿਕ ਭੋਜਨ ਦੀ ਥਾਂ, ਸੁਆਦਲੇ ਭੋਜਨ 'ਤੇ ਵਧੇਰੇ ਜ਼ੋਰ ਦਿੱਤਾ ਜਾਂਦਾ ਹੈ ਅਤੇ ਲੋਕ ਪੂੜੀਆਂ, ਸਮੋਸੇ, ਟਿੱਕੀਆਂ ਦੇ ਸਟਾਲਾਂ ਤੇ ਵੱਡੀ ਤਾਦਾਦ ਵਿੱਚ ਨਜ਼ਰ ਆਉਂਦੇ ਹਨ। ਦੂਜੇ ਪਾਸੇ ਇਹ ਵੀ ਸੱਚ ਹੈ ਕਿ ਨਗਰ ਕੀਰਤਨ ਮੌਕੇ ਫ਼ਲ ਫਰੂਟ ਅਤੇ ਸਲਾਦ ਆਦਿ ਦੇ ਸਟਾਲਾਂ 'ਤੇ ਰੌਣਕ ਨਜ਼ਰ ਨਹੀਂ ਆਉਂਦੀ। ਤੇਲ ਵਾਲੀਆਂ ਚੀਜ਼ਾਂ ਅਤੇ ਸ਼ੂਗਰ ਵਾਲੇ ਪਦਾਰਥ ਇੱਕੋ ਦਿਨ ਵਿੱਚ ਖਾ ਕੇ ਲੋਕ ਕਿੰਨਾ ਸਰੀਰਕ ਨੁਕਸਾਨ ਕਰਦੇ ਹਨ, ਇਸ ਦਾ ਅੰਦਾਜ਼ਾ ਲਾਉਣਾ ਵੀ ਔਖਾ ਹੈ। ਇਸ ਤੋਂ ਇਲਾਵਾ ਖਾਣ-ਪੀਣ ਲਈ ਜਿੱਥੇ ਸਾਫ਼ ਸਫ਼ਾਈ ਦਾ ਖ਼ਿਆਲ ਰੱਖਣਾ ਬੜਾ ਉਚਿਤ ਹੈ, ਉੱਥੇ ਪਲਾਸਟਿਕ ਦੀ ਵਰਤੋਂ ਕਰਕੇ ਵਾਤਾਵਰਣ ਨੂੰ ਪ੍ਰਦੂਸ਼ਤ ਕਰਨਾ ਵੀ ਗਲਤ ਹੈ। ਇਸ ਤੋਂ ਗੁਰੇਜ਼ ਕੀਤਾ ਜਾਣਾ ਬਣਦਾ ਹੈ। ਗੁਰਬਾਣੀ ਦੀਆਂ ਪੰਗਤੀਆਂ ਤੇ ਗੁਰਮੁੱਖੀ ਅੱਖਰਾਂ ਦਾ ਸਤਿਕਾਰ ਕਰਨਾ ਵੀ ਸਾਡਾ ਫਰਜ਼ ਹੈ। ਆਮ ਦੇਖਿਆ ਜਾਂਦਾ ਹੈ ਕਿ ਅਜਿਹੇ ਮੌਕਿਆਂ 'ਤੇ ਅਜਿਹੇ ਦਸਤਾਵੇਜ਼ ਪੈਰਾਂ ਵਿੱਚ ਰੁਲ ਰਹੇ ਹੁੰਦੇ ਹਨ, ਜੋ ਕਿ ਗੁਰਮੁਖੀ ਅਤੇ ਪੰਜਾਬੀ ਦਾ ਨਿਰਾਦਰ ਹੈ। ਖਾਲਸਾ ਦਿਹਾੜੇ ਦੇ ਨਗਰ ਕੀਰਤਨ ਵਿੱਚ ਸਿੱਖ ਸੰਗਤਾਂ ਅਤੇ ਹੋਰਨਾਂ ਕੌਮਾਂ ਦੇ ਲੋਕਾਂ ਨੂੰ ਇਸ ਦੇ ਇਤਿਹਾਸ ਤੋਂ ਜਾਣੂ ਕਰਵਾਇਆ ਜਾਏ।

ਖ਼ਾਲਸਾ ਦਿਵਸ ਜਿੱਥੇ ਇੱਕ ਪਾਸੇ ਜ਼ਾਤ-ਪਾਤ ਦੇ ਵਿਤਕਰੇ ਨੂੰ ਸਦਾ ਲਈ ਖਤਮ ਕਰਨ ਦਾ ਸੁਨੇਹਾ ਹੈ, ਓਥੇ ਦੂਜੇ ਪਾਸੇ ਜ਼ਾਲਮ ਸਰਕਾਰਾਂ ਦੀ ਧੱਕੇਸ਼ਾਹੀ ਖ਼ਿਲਾਫ਼ ਸਿੱਖ ਇਨਕਲਾਬ ਹੈ। ਦੁੱਖ ਇਸ ਗੱਲ ਦਾ ਹੈ ਕਿ ਅੱਜ ਫਿਰ ਭਾਰਤ ਦਾ ਭਗਵਾਂਕਰਨ ਹੋ ਚੁੱਕਿਆ ਹੈ। ਮਨੂ ਸਮ੍ਰਿਤੀ ਤ੍ਰਿਸ਼ੂਲ ਚੁੱਕੀ ਫਿਰ ਰਹੀ ਹੈ। ਨਫਰਤ ਵਧ ਰਹੀ ਹੈ। ਉਚ ਜਾਤੀਏ ਦੱਬੇ-ਕੁਚਲੇ ਭਾਈਚਾਰੇ ਦੇ ਲੋਕਾਂ 'ਤੇ ਜ਼ੁਲਮ ਕਰ ਰਹੇ ਹਨ। ਘੱਟ ਗਿਣਤੀਆਂ ਦਾ ਘਾਣ ਹੋ ਰਿਹਾ ਹੈ। ਪੰਜਾਬ ਵਿੱਚ ਸਿੱਖ ਨੌਜਵਾਨਾਂ ਖ਼ਿਲਾਫ਼ ਕਾਲੇ ਕਾਨੂੰਨ ਨੈਸ਼ਨਲ ਸਕਿਉਰਟੀ ਐਕਟ ਆਦਿ ਲਗਾਏ ਜਾ ਰਹੇ ਹਨ। ਜਬਰ ਖਿਲਾਫ ਲਾਮਬੰਦ ਕਰਨ ਲਈ ਜ਼ਰੂਰੀ ਹੈ ਕਿ ਨਗਰ ਕੀਰਤਨ ਮੌਕੇ ਝਾਕੀਆਂ ਦੌਰਾਨ ਅਜਿਹੇ ਸਰਕਾਰੀ ਤਸ਼ੱਦਦ ਤੋਂ ਸਿੱਖ ਸੰਗਤਾਂ ਅਤੇ ਹੋਰਨਾਂ ਕੌਮਾਂ ਨੂੰ ਜਾਣੂੰ ਕਰਵਾਇਆ ਜਾਏ।

ਜ਼ੁਲਮ ਦੇ ਖਿਲਾਫ਼ ਇਤਿਹਾਸ ਅਤੇ ਵਿਰਸੇ ਬਾਰੇ ਗਿਆਨ ਦਾ ਪਾਸਾਰ ਕਰਨਾ ਨਗਰ ਕੀਰਤਨ ਦਾ ਮਨੋਰਥ ਹੈ, ਨਾ ਕਿ ਮੌਜ-ਮੇਲਿਆਂ ਨੂੰ ਨਗਰ ਕੀਰਤਨ ਆਖਣਾ ਠੀਕ ਹੈ। ਅੱਜ ਦੀ ਨੌਜਵਾਨ ਪੀੜ੍ਹੀ ਨੂੰ ਖਾਲਸਾ ਦਿਹਾੜੇ ਦੇ ਮੁਕੰਮਲ ਇਤਿਹਾਸ ਤੋਂ ਭਾਵਪੂਰਤ ਢੰਗ ਨਾਲ ਜਾਣੂ ਕਰਵਾਇਆ ਜਾਣਾ ਬਹੁਤ ਜ਼ਰੂਰੀ ਹੈ। ਇਹ ਤਦ ਹੀ ਹੋ ਸਕਦਾ ਹੈ ਜੇ ਸਾਨੂੰ ਆਪ ਨੂੰ ਆਪਣੇ ਮਹਾਨ ਵਿਰਸੇ ਦੀ ਸੋਝੀ ਹੋਵੇ। ਜਿਹੜੇ ਸਕੂਲਾਂ-ਅਕੈਡਮੀਆਂ ਦੇ ਬੱਚੇ ਇਤਿਹਾਸ ਦੀ ਜਾਣਕਾਰੀ ਨਾਲ ਸਜ-ਧਜ ਕੇ ਖਾਲਸਾਈ ਪਹਿਰਾਵੇ ਵਿੱਚ ਨਗਰ ਕੀਰਤਨ ਦੀ ਸ਼ੋਭਾ ਵਧਾਉਂਦੇ ਹਨ, ਉਨ੍ਹਾਂ ਦੇ ਮਾਪੇ ਅਤੇ ਪ੍ਰਬੰਧਕ ਵਧਾਈ ਦੇ ਪਾਤਰ ਹਨ। ਨਗਰ ਕੀਰਤਨ ਵਿੱਚ ਸ਼ਾਮਿਲ ਹੋਣ ਮੌਕੇ ਹਉਮੈ, ਹੰਕਾਰ ਅਤੇ ਕ੍ਰੋਧ ਦੀ ਥਾਂ ਨਿਮਰਤਾ, ਸਤਿਕਾਰ ਅਤੇ ਪ੍ਰੇਮ ਨਾਲ ਸ਼ਾਮਿਲ ਹੋਣਾ ਚਾਹੀਦਾ ਹੈ। ਤਦ ਹੀ ਅਸੀਂ ਨਗਰ ਕੀਰਤਨ ਦੀ ਸ਼ਾਨ ਅਤੇ ਗੁਰੂ ਦੇ ਸਤਿਕਾਰ ਦੇ ਧਾਰਨੀ ਹੋ ਸਕਦੇ ਹਾਂ।

# ਵਿਸਾਖੀ

ਵਿਸਾਖੀ ਨਾਮ ਵੈਸਾਖ ਤੋਂ ਬਣਿਆ ਹੈ। ਵਿਸਾਖੀ ਦਾ ਨਾਂ ਸੁਣਦਿਆਂ ਹੀ ਦੇ ਦਿਲੋ-ਦਿਮਾਗ 'ਚ ਪੰਜਾਬ ਦਾ ਜੋਸ਼ੀਲਾ ਗਿੱਧਾ ਤੇ ਭੰਗੜਾ ਅੱਖਾਂ ਸਾਹਮਣੇ ਆ ਜਾਂਦੇ ਹਨ। ਇਹਨਾਂ ਦਿਨਾਂ ਵਿੱਚ ਨੌਜਵਾਨ ਮੁੰਡੇ ਅਤੇ ਕੁੜੀਆਂ ਦੀਆਂ ਟੋਲੀਆਂ ਭੰਗੜਾ ਗਿੱਧਾ ਕਰਦੇ ਹੋਏ ਪੰਜਾਬ ਦੀ ਗਲੀ-ਗਲੀ 'ਚ ਦਿਖਾਈ ਦਿੰਦੀਆਂ ਹਨ।

ਸਰਦੀ ਦੀ ਰੁੱਤ ਦੇ ਖਤਮ ਹੋਣ ਅਤੇ ਹੋਲੀ ਦੇ ਰੰਗਾਂ ਤੋਂ ਬਾਅਦ ਇਹ ਤਿਉਹਾਰ ਆਉਂਦਾ ਹੈ। ਇਹ ਉਹ ਸਮਾਂ ਹੁੰਦਾ ਹੈ, ਜਦੋਂ ਅੰਬ ਦੇ ਦਰੱਖਤਾਂ ਨੂੰ ਬੁਰ ਲੱਗ ਜਾਂਦਾ ਹੈ। ਦਰੱਖਤਾਂ ਤੋਂ ਇਕ ਅਨੋਖੀ ਖੁਸਬੂ ਆਉਂਦੀ ਹੈ ਅਤੇ ਖੇਤਾਂ 'ਚ ਕਣਕ ਦੀਆਂ ਬੱਲੀਆਂ ਲਹਿ ਲਹਾਉਂਦੀਆਂ ਨਜਰ ਆਉਂਦੀਆਂ ਹਨ। ਕਿਸਾਨਾਂ ਦੀ ਛੇ ਮਹੀਨਿਆਂ ਦੀ ਸਖਤ ਮਿਹਨਤ ਇਸ ਕਣਕ ਦੀ ਫਸਲ ਚ ਫਲਦੀ ਹੋਈ ਦਿਸਦੀ ਹੈ ਅਤੇ ਇਹ ਖੂਬਸੂਰਤ ਦਿਨ ਕਿਸਾਨਾਂ ਨੂੰ ਖੁਸੀ ਨਾਲ ਭਰ ਦਿੰਦਾ ਹੈ।

ਪੰਜਾਬ ਚ ਵਿਸਾਖੀ ਅਸਲ ਚ ਸਿੱਖ ਧਰਮ ਦੀ ਸਥਾਪਨਾ ਅਤੇ ਫਸਲ ਪੱਕਣ ਦੇ ਪ੍ਰਤੀਕ ਵਜੋਂ ਮਨਾਈ ਜਾਂਦੀ ਹੈ। ਇਸ ਮਹੀਨੇ ਫਸਲ ਪੂਰੀ ਤਰ੍ਹਾਂ ਪੱਕ ਕੇ ਤਿਆਰ ਹੋ ਜਾਂਦੀ ਹੈ ਅਤੇ ਪੱਕੀ ਹੋਈ ਫਸਲ ਨੂੰ ਕੱਟਣ ਦੀ ਸੁਰੂਆਤ ਵੀ ਹੋ ਜਾਂਦੀ ਹੈ। ਅਜਿਹੇ 'ਚ ਕਿਸਾਨ ਕਣਕ ਦੀ ਫਸਲ ਪੱਕਣ ਦੀ ਖੁਸੀ ਚ ਇਹ ਤਿਉਹਾਰ ਮਨਾਉਂਦੇ ਹਨ।

**ਫਸਲ ਕੱਟਣ ਦੀ ਸ਼ੁਰੂਆਤ** : ਵਿਸਾਖੀ ਧਾਰਮਿਕ ਤਿਉਹਾਰ ਤਾਂ ਹੈ ਹੀ ਪਰ ਇਸਦਾ ਮਹੱਤਵ ਇਕ ਫਸਲੀ ਤਿਉਹਾਰ ਵਜੋਂ ਜ਼ਿਆਦਾ ਹੋਣ ਕਾਰਨ ਇਹ ਕਿਸਾਨਾਂ ਦਾ ਮੁੱਖ ਤਿਉਹਾਰ ਵੀ ਮੰਨਿਆ ਜਾਂਦਾ ਹੈ ਅਤੇ ਇਸ ਤਿਉਹਾਰ ਨੂੰ ਉਹ ਬਹੁਤ ਹੀ ਖੁਸੀ ਨਾਲ ਮਨਾਉਂਦੇ ਹਨ। ਇਹ ਤਿਉਹਾਰ ਸਿਰਫ ਪੰਜਾਬ ਤਕ ਸੀਮਤ ਹੋਵੇ ਅਜਿਹਾ ਨਹੀਂ ਹੈ, ਸਗੋਂ ਪੂਰੇ ਭਾਰਤ ਚ ਇਹ ਕਿਸੇ ਨਾ ਕਿਸੇ ਰੂਪ 'ਚ ਮਨਾਇਆ ਜਾਂਦਾ ਹੈ। ਅਪ੍ਰੈਲ ਮਹੀਨੇ ਦੀ 13 ਜਾਂ 14 ਤਰੀਕ ਨੂੰ ਮਨਾਈ ਜਾਣ ਵਾਲੀ ਵਿਸਾਖੀ ਕਣਕ ਦੀ ਫਸਲ ਪੱਕਣ ਮੌਕੇ ਮਨਾਈ ਜਾਂਦੀ ਹੈ। ਇਸ ਫਸਲ ਨੂੰ ਕੱਟਣ ਦਾ ਸੁਭ ਆਰੰਭ ਪੰਜਾਬ 'ਚ ਵਿਸਾਖੀ ਦੇ ਦਿਨ ਤੋਂ ਹੀ ਹੁੰਦਾ ਹੈ। ਇਸ ਸਮੇਂ ਕਣਕ ਦੀ ਫਸਲ ਤਿਆਰ ਹੋ ਜਾਂਦੀ ਹੈ। ਇਸ ਤਿਉਹਾਰ ਨਾਲ ਕਿਸਾਨ ਆਪਣੇ ਖੇਤਾਂ 'ਚ ਕਣਕ ਦੀ ਕਟਾਈ ਸੁਰੂ ਕਰ ਦਿੰਦੇ ਹਨ ਫਸਲ ਚੰਗੀ ਹੋਈ ਤਾਂ ਕਿਸਾਨਾਂ ਦੀ ਖੁਸੀ ਦਾ ਟਿਕਾਣਾ ਨਹੀਂ ਰਹਿੰਦਾ। ਕਿਸਾਨ ਖੇਤਾਂ 'ਚ ਨੱਚਦਾ, ਗਾਉਂਦਾ, ਭੰਗੜੇ ਪਾਉਂਦਾ ਦਿਖਾਈ ਦਿਦਾ ਹੈ। ਇਸ ਦਿਨ ਕਿਸਾਨ ਸਵੇਰੇ-ਸਵੇਰੇ ਧਾਰਮਿਕ ਸਥਾਨਾਂ ਤੇ ਜਾ ਕੇ ਰੱਬ ਦਾ ਸੁਕਰਾਨਾ ਕਰਦੇ ਹਨ ਅਤੇ ਫਿਰ ਫਸਲਾਂ ਦੀ ਕਟਾਈ ਦਾ ਕੰਮ ਸੁਰੂ ਕਰਦੇ ਹਨ।

ਪੰਜਾਬੀ ਕਵੀ ਧਨੀ ਰਾਮ ਚਾਤ੍ਰਿਕ ਨੇ 'ਵਿਸਾਖੀ ਦਾ ਮੇਲਾ' ਕਵਿਤਾ ਵਿੱਚ ਪੰਜਾਬ ਦੀਆਂ ਫ਼ਸਲਾਂ ਅਤੇ ਸੱਭਿਆਚਾਰ ਦੇ ਰੰਗ ਨੂੰ ਇੰਝ ਬਿਆਨ ਕੀਤਾ ਹੈ।

ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ,
ਲੰਬੜਾਂ ਤੇ ਸਾਹਾਂ ਦਾ ਹਿਸਾਬ ਕੱਟ ਕੇ,
ਸੰਮਾਂ ਵਾਲੀ ਡਾਂਗਾਂ ਉੱਤੇ ਤੇਲ ਲਾਇਕੇ,
ਕੱਛੇਮਾਰ ਵੰਝਲੀ ਅਨੰਦ ਛਾ ਗਿਆ।

ਧਾਰਮਿਕ ਤੇ ਇਤਿਹਾਸਕ ਮਹਤੱਤਾ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਵਿਸਾਖੀ ਵਾਲੇ ਦਿਨ ਹੀ ਸਾਲ 1699 'ਚ ਸ੍ਰੀ ਆਨੰਦਪੁਰ ਸਾਹਿਬ 'ਚ ਖਾਲਸਾ ਪੰਥ ਦੀ ਨੀਂਹ ਰੱਖੀ ਸੀ, ਇਸ ਲਈ ਸਿੱਖਾਂ ਦੇ ਵਿਚ ਵਿਸਾਖੀ ਦਾ ਤਿਉਹਾਰ ਮਨਾਇਆ ਜਾਣ ਲੱਗਾ। ਖਾਲਸਾ ਪੰਥ ਦੀ ਸਥਾਪਨਾ ਦੇ ਪਿੱਛੇ ਗੁਰੂ ਗੋਬਿੰਦ ਸਿੰਘ ਜੀ ਦਾ ਮੁੱਖ ਟੀਚਾ ਲੋਕਾਂ ਨੂੰ ਤਤਕਾਲੀ ਮੁਗਲ ਸਾਸਕਾਂ ਦੇ ਜੁਲਮਾਂ ਤੋਂ ਮੁਕਤ ਕਰ ਕੇ ਉਨ੍ਹਾਂ ਦੇ ਧਾਰਮਿਕ, ਨੈਤਿਕ ਅਤੇ ਵਿਵਹਾਰਕ ਜੀਵਨ ਨੂੰ ਉੱਤਮ ਬਣਾਉਣਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਖਾਲਸਾ ਪੰਥ ਦੀ ਸਾਜਨਾ ਕਰਨੀ ਸੀ ਤਾਂ ਸਿੱਖਾਂ ਦੀ ਪਰਖ ਵਾਸਤੇ ਪੰਜ ਸਿਰ ਮੰਗੇ ਗਏ। ਫਿਰ ਇੱਕ ਇੱਕ ਕਰਕੇ ਪੰਜ ਸਿੱਖ ਚੁਣੇ ਗਏ। ਉਪਰੰਤ ਖੰਡੇ ਦੀ ਪਹੁਲ ਸੁਰੂ ਕੀਤੀ ਜਿਸ ਦਾ ਨਾਂ ਅੰਮ੍ਰਿਤ ਛੱਕਣਾ ਪੈ ਗਿਆ। ਇਨ੍ਹਾਂ ਸੀਸ ਭੇਟ ਕਰਨ ਵਾਲਿਆਂ ਨੂੰ ਸਭ ਤੋਂ ਪਹਿਲਾਂ ਖੰਡੇ ਦੀ ਪਹੁਲ ਪ੍ਰਾਪਤ ਹੋਈ। ਦਸਮ ਪਾਤਸਾਹ ਨੇ ਇਨ੍ਹਾਂ ਨੂੰ ਪੰਜ ਪਿਆਰਿਆਂ ਦੀ ਪਦਵੀ ਨਾਲ ਨਿਵਾਜਿਆ। ਇਨ੍ਹਾਂ ਪੰਜ ਪਿਆਰਿਆਂ ਵਿਚਕਾਰ, ਗੁਰੂ ਜੀ ਖੁਦ ਹਾਜਰ ਸਨ ਤੇ ਗੁਰੂ ਸਾਹਿਬਾਨ ਨੂੰ ਹਾਜਰ ਨਾਜਰ ਸਮਝਿਆ ਜਾਂਦਾ ਸੀ। ਇਨ੍ਹਾਂ ਪੰਜ ਪਿਆਰਿਆਂ ਨੇ ਬਾਕੀ ਸਿੱਖਾਂ ਨੂੰ ਜਿਹਨਾਂ ਨੇ ਖੰਡੇ ਦੀ ਪਹੁਲ ਗ੍ਰਹਿਣ ਦੀ ਯਾਚਨਾ ਕੀਤੀ ਨੂੰ ਪਹੁਲ ਦਿੱਤੀ। ਜਿਹਨਾਂ ਨੇ ਪਹੁਲ ਲਈ ਸੀ ਫਿਰ ਉਹਨਾਂ ਨੇ ਕਈ ਜੱਥਿਆਂ ਵਿੱਚ ਦੂਰ-ਦੁਰਾਡੇ ਜਾ ਕੇ ਸਿੰਘਾਂ ਨੂੰ ਖੰਡੇ ਦੀ ਪਹੁਲ ਦਿੱਤੀ। ਇਹ ਪਹੁਲ ਦੇਣ ਵਾਲੇ ਤੋਂ ਇਹ ਸੇਵਾ ਨਿਭਾਉਣ ਵਾਲੇ ਬਹੁਤ ਸਾਰੇ ਜੱਥੇ ਸਨ, ਪਰ ਉਹ ਪੰਜ-ਪੰਜ ਸਿੱਖਾਂ ਦੇ ਜਥੇ ਸਨ ਤੇ ਪੰਜ ਪਿਆਰੇ ਨਹੀਂ ਸਨ ।



ਜਸਕੀਰਤ ਸਿੰਘ
98889-49201

ਇਸੇ ਦਿਨ 13 ਅਪ੍ਰੈਲ 1919 ਨੂੰ ਹਜਾਰਾਂ ਲੋਕ ਰੌਲਟ ਐਕਟ ਦੇ ਵਿਰੋਧ 'ਚ ਪੰਜਾਬ ਦੇ ਅੰਮ੍ਰਿਤਸਰ ਚ ਸਥਿਤ ਜਲਿਆਂਵਾਲਾ ਬਾਗ ਚ ਇਕੱਠੇ ਹੋਏ ਸਨ। ਜਨਰਲ ਡਾਇਰ ਨੇ ਇਸੇ ਦਿਨ ਹਜਾਰਾਂ ਲੋਕਾਂ ਤੇ ਅੰਨੇਵਾਹ ਗੋਲੀਆਂ ਚਲਾਈਆਂ ਅਤੇ ਅਣਗਿਣਤ ਬੇਕਸੂਰ ਲੋਕਾਂ ਨੂੰ ਮਾਰ ਦਿੱਤਾ। ਇਸ ਘਟਨਾ ਨੇ ਦੇਸ ਦੀ ਆਜਾਦੀ ਦੇ ਅੰਦੋਲਨ ਨੂੰ ਇਕ ਨਵੀਂ ਦਿਸਾ ਪ੍ਰਦਾਨ ਕੀਤੀ। ਉਥੇ ਹੀ ਹਿੰਦੂ ਧਰਮ ਦੇ ਲੋਕ ਇਸ ਨੂੰ ਨਵੇਂ ਸਾਲ ਦੇ ਰੂਪ 'ਚ ਵੀ ਮਨਾਉਂਦੇ ਹਨ। ਇਸ ਦਿਨ ਹਿੰਦੂ ਧਰਮ ਵਿਚ ਲੋਕ ਇਸਨਾਨ ਕਰਕੇ ਖਾਣੇ ਨੂੰ ਭੋਗ ਆਦਿ ਲਗਾ ਕੇ ਪੂਜਾ ਕਰਦੇ ਹਨ। ਹਿੰਦੂ ਪੌਰਾਣਿਕ ਗ੍ਰੰਥਾਂ ਅਨੁਸਾਰ ਇਹ ਮਾਨਤਾ ਹੈ ਕਿ ਹਜਾਰਾਂ ਸਾਲ ਪਹਿਲਾਂ ਭਗੀਰਥ ਕਠੋਰ ਤਪੱਸਿਆ ਤੋਂ ਬਾਅਦ ਦੇਵੀ ਗੰਗਾ ਨੂੰ ਧਰਤੀ ਤੇ ਉਤਾਰਨ 'ਚ ਇਸੇ ਦਿਨ ਸਫਲ ਹੋਏ ਸਨ, ਇਸ ਲਈ ਇਸ ਦਿਨ ਲੋਕ ਰਵਾਇਤੀ ਤੌਰ 'ਤੇ ਗੰਗਾ ਇਸਨਾਨ ਕਰਨ ਨੂੰ ਵੀ ਪਵਿੱਤਰ ਮੰਨਦੇ ਹਨ ਤੇ ਦੇਵੀ ਗੰਗਾ ਦੀ ਉਸਤਤ ਕਰਦੇ ਹਨ, ਗੰਗਾ ਚਾਲੀਸਾ ਦਾ ਪਾਠ ਕਰਦੇ ਹਨ। ਹਰਿਦੁਆਰ, ਬਨਾਰਸ, ਪ੍ਰਯਾਗ ਆਦਿ ਧਾਰਮਿਕ ਸਥਾਨਾਂ ਤੇ ਗੰਗਾ ਆਰਤੀ 'ਚ ਸਾਮਲ ਹੁੰਦੇ ਹਨ ਤੇ ਗੰਗਾ ਮਈਆ ਦੀ ਪੂਜਾ ਕਰਦੇ ਹਨ।

ਹੋਰ ਸੂਬਿਆਂ ਅਤੇ ਹੋਰ ਧਰਮਾਂ 'ਚ ਵੀ ਵਿਸਾਖੀ ਦੇ ਤਿਉਹਾਰ ਦਾ ਆਪਣਾ ਮਹੱਤਵ ਹੈ। ਅੱਜ ਤੋਂ ਲੱਗਭਗ ਦੋ ਹਜਾਰ ਸਾਲ ਪਹਿਲਾਂ ਵਿਸਾਖੀ ਦੇ ਦਿਨ ਹੀ ਭਗਵਾਨ ਬੁੱਧ ਨੂੰ ਗਿਆਨ ਪ੍ਰਾਪਤੀ ਤੋਂ ਬਾਅਦ ਬੋਧਤਵ ਪ੍ਰਾਪਤ ਹੋਇਆ ਸੀ ਅਤੇ ਬੋਧ ਸੰਘਦੀ ਸਥਾਪਨਾ ਕੀਤੀ ਗਈ ਸੀ। ਇਸ ਲਈ ਬੋਧ ਧਰਮੀ ਵਿਸਾਖੀ ਨੂੰ ਇਕ ਵਿਸੇਸ ਦਿਨ ਮੰਨਦੇ ਹਨ। ਬੰਗਾਲੀ ਅਤੇ ਕਸਮੀਰੀ ਭਾਈਚਾਰੇ ਵਿਸਾਖੀ ਵਾਲੇ ਦਿਨ ਤੋਂ ਹੀ ਆਪਣੇ ਨਵੇਂ ਸਾਲ ਦਾ ਸੁਭ ਆਰੰਭ ਕਰਦੇ ਹਨ। ਦੱਖਣੀ ਭਾਰਤ ਦੇ ਕੇਰਲ ਚ ਵੀ ਇਹ ਤਿਉਹਾਰ ਵਿਸੂ ਨਾਂ ਨਾਲ ਮਨਾਇਆ ਜਾਂਦਾ ਹੈ। ਇਸ ਦਿਨ ਲੋਕ ਨਵੇਂ-ਨਵੇਂ ਕੱਪੜੇ ਖਰੀਦਦੇ ਹਨ, ਆਤਿਸਬਾਜੀ ਹੁੰਦੀ ਹੈ ਅਤੇ ਵਿਕਾਨਾਂ ਸਜਾਈ ਜਾਂਦੀ ਹੈ। ਇਸ ਵਿਚ ਫੁੱਲ, ਫਲ ਅਨਾਜ, ਕੱਪੜੇ, ਸੋਨਾ ਆਦਿ ਸਜਾ ਕੇ ਸਵੇਰੇ ਉੱਠ ਕੇ ਇਸ ਦੇ ਦਰਸਨ ਕਰਦੇ ਹਨ ਅਤੇ ਸੁੱਖ ਸਮਰਿੱਧੀ ਦੀ ਕਾਮਨਾ ਕਰਦੇ ਹਨ। ਇਹ ਤਿਉਹਾਰ ਸਦੀਆਂ ਸਦੀਆਂ ਤੱਕ ਇਸੇ ਤਰਾਂ ਹੱਸਦੇ ਗਾਉਂਦੇ ਭੰਗੜਾ ਪਾਉਂਦੇ ਮਨਾਇਆ ਜਾਵੇਗਾ।



# ਵਿਸਾਖੀ ਦਾ ਮਹੱਤਵ ਅਤੇ ਸੰਦੇਸ਼

ਡਾ. ਪਰਮਵੀਰ ਸਿੰਘ



ਵਿਸਾਖੀ ਨੂੰ ਮੌਸਮੀ ਤਿਉਹਾਰ ਮੰਨਿਆ ਜਾਂਦਾ ਹੈ ਜਿਹੜਾ ਕਿ ਪੰਜਾਬ ਦੇ ਲੋਕ-ਮਨਾਂ ਵਿਚ ਵਸਿਆ ਹੋਇਆ ਹੈ। ਇਸ ਮੌਸਮ ਵਿਚ ਪੈਦਾ ਹੋਣ ਵਾਲੀ ਕਣਕ ਦੇ ਸੁਨਹਿਰੀ ਸਿੱਟੇ ਸੁਨਹਿਰੀ ਭਵਿੱਖ ਵੱਲ ਕੇਂਦਰਿਤ ਕਰਦੇ ਹਨ। ਖੜੌਤ ਵਿਚ ਆਇਆ ਹੋਇਆ ਮਨ ਜੋਸ਼, ਉਮੰਗ ਅਤੇ ਉਤਸ਼ਾਹ ਨਾਲ ਭਰ ਕੇ ਕਿਰਿਆਸ਼ੀਲ ਹੋ ਜਾਂਦਾ ਹੈ। ਕੇਵਲ ਕਿਸਾਨ ਦਾ ਪਰਿਵਾਰ ਹੀ ਨਹੀਂ ਬਲਕਿ ਉਸ ਦੀ ਉਪਜ ਨਾਲ ਜੁੜਿਆ ਹੋਇਆ ਰਿਸ਼ਤੇਦਾਰ, ਸ਼ਾਹੂਕਾਰ ਅਤੇ ਠੇਕੇਦਾਰ ਵੀ ਖੇੜੇ ਵਿਚ ਆ ਜਾਂਦਾ ਹੈ। ਮੌਜੂਦਾ ਸਮੇਂ ਵਿਚ ਫ਼ਸਲ ਦੀ ਵਾਢੀ ਅਤੇ ਸਾਂਭ-ਸੰਭਾਲ ਲਈ ਮਸ਼ੀਨਾਂ ਦਾ ਵਿਸ਼ੇਸ਼ ਯੋਗਦਾਨ ਹੈ, ਇਸ ਧੰਦੇ ਨਾਲ ਜੁੜੇ ਹੋਏ ਲੋਕਾਂ ਦੇ ਕਾਰੋਬਾਰ ਨੂੰ ਗਤੀ ਪ੍ਰਦਾਨ ਕਰਨ ਦਾ ਕਾਰਜ ਵੀ ਇਸ ਤਿਉਹਾਰ ਮੌਕੇ ਦੇਖਣ ਨੂੰ ਮਿਲਦਾ ਹੈ।

ਪੰਜਾਬ ਦੇ ਸੱਭਿਆਚਾਰ ਵਿਚ ਇਸ ਤਿਉਹਾਰ ਦਾ ਮਹੱਤਵ ਇੱਥੋਂ ਦੀ ਸਾਹਿਤ ਰਚਨਾ, ਗੀਤਾਂ, ਮੇਲਿਆਂ, ਸਭਾਵਾਂ, ਗੋਸ਼ਟੀਆਂ ਆਦਿ ਵਿਚ ਦੇਖਣ ਨੂੰ ਮਿਲਦਾ ਹੈ। ਫ਼ਸਲ ਦੀ ਵਾਢੀ ਤੋਂ ਪਹਿਲਾਂ ਇਸ ਖਿੱਤੇ ਦੇ ਵਿਸ਼ਵਾਸ ਨਾਲ ਸੰਬੰਧਿਤ ਦੇਵੀ-ਦੇਵਤਿਆਂ ਅਤੇ ਗੁਰੂ ਸਾਹਿਬਾਨ ਨੂੰ ਯਾਦ ਕੀਤਾ ਜਾਂਦਾ ਹੈ ਅਤੇ ਜਦੋਂ ਇਸ ਨੂੰ ਵੇਚ ਕੇ ਮਾਇਆ ਹੱਥ ਲਗਦੀ ਹੈ ਤਾਂ ਜੀਵਨ ਵਿਚ ਆਏ ਬਦਲਾਉ ਨੂੰ ਧਨੀ ਰਾਮ ਚਾਤਿ ?ਕ ਦੀ ਕਵਿਤਾ 'ਮੇਲੇ ਵਿਚ ਜੱਟ' ਰਾਹੀਂ ਮਹਿਸੂਸ ਕੀਤਾ ਜਾ ਸਕਦਾ ਹੈ।

ਮੌਸਮ ਨਾਲ ਜੁੜਿਆ ਹੋਇਆ ਇਹ ਤਿਉਹਾਰ ਉਸ ਸਮੇਂ ਹੋਰ ਵਧੇਰੇ ਸੋਹਣਾ ਜਾਪਦਾ ਹੈ ਜਦੋਂ ਇਕ ਪਾਸੇ ਫ਼ਸਲ ਦੀ ਵਾਢੀ ਹੋ ਰਹੀ ਹੁੰਦੀ ਹੈ ਅਤੇ ਦੂਜੇ ਪਾਸੇ ਜਿਹੜੇ ਰੁੱਖ ਪਤਝੜ ਮੌਕੇ ਆਪਣੀ ਪਛਾਣ ਗੁਆ ਲੈਂਦੇ ਹਨ ਉਨ੍ਹਾਂ 'ਤੇ ਕਰੂੰਬਲਾਂ ਫੁੱਟਣੀਆਂ ਸ਼ੁਰੂ ਹੋ ਜਾਂਦੀਆਂ ਹਨ ਜਿਹੜੀਆਂ ਕਿ ਰੁੱਖਾਂ ਦੀ ਪਛਾਣ ਕਰਾਉਣ ਵਿਚ ਵਿਸ਼ੇਸ਼ ਯੋਗਦਾਨ ਪਾਉਂਦੀਆਂ ਹਨ। ਪ੍ਰਕ੍ਰਿਤੀ ਦੇ ਇਸ ਦ੍ਰਿਸ਼ਟਮਾਨ ਰੂਪ ਦਾ ਪ੍ਰਗਟਾਵਾ ਕਰਦੇ ਹੋਏ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ, 'ਵੈਸਾਖੁ ਭਲਾ ਸਾਖਾ ਵੇਸ ਕਰੇ॥'

ਸਿੱਖ ਧਰਮ ਵਿਚ ਇਸ ਤਿਉਹਾਰ ਦਾ ਵਿਸ਼ੇਸ਼ ਮਹੱਤਵ ਹੈ ਕਿਉਂਕਿ ਇਕ ਪਾਸੇ ਪੰਜਾਬ ਦੇ ਵੱਡੀ ਗਿਣਤੀ ਸਿੱਖ ਕਿਸਾਨੀ ਨਾਲ ਜੁੜੇ ਹੋਏ ਹਨ ਅਤੇ ਦੂਜੇ ਪਾਸੇ ਉਨ੍ਹਾਂ ਦੇ ਜੀਵਨ ਵਿਚ ਇਸ ਦਾ ਧਾਰਮਿਕ ਮਹੱਤਵ ਹੈ ਜਿਹੜਾ ਕਿ ਗੁਰੂ ਸਾਹਿਬਾਨ ਨਾਲ ਜੋੜਦਾ ਹੈ। ਮਹਿਮਾ ਪ੍ਰਕਾਸ਼ ਤੋਂ ਪਤਾ ਲਗਦਾ ਹੈ ਕਿ ਸਭ ਤੋਂ ਪਹਿਲਾਂ ਭਾਈ ਪਾਰੋ ਦੇ ਸੁਝਾਅ ਅਨੁਸਾਰ ਗੁਰੂ ਅਮਰਦਾਸ ਜੀ ਨੇ ਸਿੱਖ ਸੰਗਤ ਨੂੰ ਵਿਸਾਖੀ ਮੌਕੇ ਗੋਇੰਦਵਾਲ ਸਾਹਿਬ ਵਿਖੇ ਆਉਣ ਦਾ ਆਦੇਸ਼ ਕੀਤਾ ਸੀ। ਵਿਸਾਖੀ ਮੌਕੇ ਗੁਰੂ-ਘਰ ਇਕੱਤਰ ਹੋਣ ਦਾ ਉਦੇਸ਼ ਆਪਸੀ ਪਿਆਰ ਅਤੇ ਗੁਰਮਤਿ ਸਿਧਾਂਤ ਪ੍ਰਤੀ ਦਿ ?ੜਤਾ ਪੈਦਾ ਕਰਨਾ ਸੀ :

**ਲਿਖ ਪਾਰੋ ਸਭ ਦੇਸ ਪਠਾਇਆ।**
**ਸੁਨ ਸਭ ਸੰਗਤ ਅਤ ਸੁਖ ਪਾਇਆ।**
**ਸਭਹਨ ਬਿਸੋਆ ਦਿਨ ਮਨ ਸਰਸਨ।**
**ਬਡੇ ਭਾਗ ਪਾਵੈ ਗੁਰ ਦਰਸਨ।**

ਗੁਰੂ ਅਰਜਨ ਦੇਵ ਜੀ ਨੇ ਵੈਸਾਖ ਦੇ ਮਹੀਨੇ ਵਿਚ ਪੈਦਾ ਹੋਣ ਵਾਲੇ ਚਾਅ, ਉਮੰਗ ਨੂੰ ਪਰਮਾਤਮਾ ਦੇ ਪ੍ਰੇਮ ਨਾਲ ਜੋੜਿਆ ਹੈ ਜਿਹੜਾ ਕਿ ਗੁਰੂ ਦੀ ਸਿੱਖਿਆ ਅਤੇ ਸੰਦੇਸ਼ 'ਤੇ ਚੱਲ ਕੇ ਪ੍ਰਾਪਤ ਹੋ ਸਕਦਾ ਹੈ। ਇਸੇ ਭਾਵਨਾ ਅਧੀਨ ਵਿਸਾਖੀ ਮੌਕੇ ਸੰਗਤ ਗੁਰੂ-ਘਰ ਹਾਜ਼ਰੀ ਭਰਦੀ ਸੀ। ਸਿੱਖ ਧਰਮ ਵਿਚ 1699 ਦੀ ਵਿਸਾਖੀ ਦਾ ਵਿਸ਼ੇਸ਼ ਮਹੱਤਵ ਹੈ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਵਿਖੇ ਖ਼ਾਲਸਾ ਪੰਥ ਦੀ ਸਿਰਜਣਾ ਕੀਤੀ ਸੀ। ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਲੈ ਕੇ ਸਮਾਜ ਦੇ ਵਿਭਿੰਨ ਫਿਰਕਿਆਂ ਅਤੇ ਜਾਤਾਂ ਦੇ ਲੋਕਾਂ ਵਿਚ ਭਾਈਚਾਰਕ ਸਾਂਝ ਦਾ ਸੰਦੇਸ਼ ਦਿੱਤਾ ਜਾ ਰਿਹਾ ਸੀ ਜਿਸ ਨੂੰ ਮਜ਼ਬੂਤੀ ਪ੍ਰਦਾਨ ਕਰਨ ਲਈ ਗੁਰੂ ਸਾਹਿਬਾਨ ਨੇ ਸੰਗਤ ਅਤੇ ਪੰਗਤ ਦੀ ਪ੍ਰਥਾ ਨੂੰ ਸੰਸਥਾਗਤ ਰੂਪ ਪ੍ਰਦਾਨ ਕਰ ਦਿੱਤਾ ਸੀ। ਸੰਗਤ ਵਿਚ ਪੈਦਾ ਹੋਈ ਪ੍ਰਭੂ-ਮੁਖੀ ਇਕਸੁਰਤਾ ਨੂੰ ਇਕਸਾਰਤਾ ਵਿਚ ਬਦਲਣ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਿਰਜਨਾ ਕਰ ਦਿੱਤੀ ਸੀ।

ਪੰਜਾਬ ਦੀ ਧਰਤੀ 'ਤੇ ਜਿਹੜੀ ਫ਼ਸਲ ਪੈਦਾ ਹੁੰਦੀ ਸੀ ਉਸ ਨੂੰ ਜਰਖੇਜ਼ ਬਣਾਉਣ ਲਈ ਪਹਾੜਾਂ ਤੋਂ ਆਉਣ ਵਾਲੀ ਮਿੱਟੀ ਅਤੇ ਪਾਣੀ ਦਾ ਵਿਸ਼ੇਸ਼ ਯੋਗਦਾਨ ਸੀ। ਪੰਜਾਬ ਵਿਚ ਪੈਦਾ ਹੋਈ ਇਸ ਖੁਸ਼ਹਾਲੀ ਨੂੰ ਲੁੱਟਣ ਲਈ ਲੁਟੇਰੇ ਅਤੇ ਹਮਲਾਵਰਾਂ ਨੇ ਪੰਜਾਬ ਵੱਲ ਮੂੰਹ ਕਰ ਲਿਆ ਸੀ। 1699 ਦੀ ਵਿਸਾਖੀ ਮੌਕੇ ਗੁਰੂ ਗੋਬਿੰਦ ਸਿੰਘ ਜੀ ਨੇ ਇੱਥੋਂ ਦੇ ਲੋਕਾਂ ਨੂੰ ਉਨ੍ਹਾਂ ਦੀ ਅਸਲ ਪਛਾਣ ਨਾਲ ਜੋੜਿਆ ਸੀ। ਜਿਹੜੇ ਸ਼ੁੱਧ ਜਲ ਨੇ ਪੰਜਾਬ ਦੀ ਧਰਤੀ ਨੂੰ ਹਰਿਆਵਲ ਪ੍ਰਦਾਨ ਕੀਤੀ ਸੀ, ਗੁਰੂ ਜੀ ਨੇ ਉਸੇ ਵਿਚ ਬਾਣੀ ਮਿਲਾ ਕੇ ਮਨੁੱਖੀ ਮਨ ਵਿਚ ਅਜਿਹੀ ਚੇਤਨਾ ਪੈਦਾ ਕੀਤੀ ਸੀ ਕਿ ਉਹ ਖ਼ਾਲਸੇ ਦੇ ਰੂਪ ਵਿਚ ਸਵੈਮਾਨ ਰੂਪੀ ਜੀਵਨ ਦਾ ਅਨੰਦ ਮਾਣਨ ਲਈ ਪ੍ਰੇਰਿਤ ਹੋ ਗਏ ਸਨ। ਗੁਰੂ ਜੀ ਦੁਆਰਾ ਪ੍ਰਦਾਨ ਕੀਤੇ ਗਏ ਬਾਣੀ ਅਤੇ ਪਾਣੀ ਦੇ ਸੁਮੇਲ ਨੇ ਸੰਗਤ ਨੂੰ ਖ਼ਾਲਸੇ ਦੇ ਰੂਪ ਵਿਚ ਪ੍ਰਗਟ ਕਰਕੇ ਉਨ੍ਹਾਂ ਵਿਚ ਜੁਝਾਰੂ ਬਿਰਤੀ ਪੈਦਾ ਕਰ ਦਿੱਤੀ ਸੀ ਜਿਹੜੀ ਕਿ ਧਰਮ ਦੀ ਵਾੜ ਵਾਂਗ ਕਾਰਜਸ਼ੀਲ ਹੋ ਗਈ ਸੀ।

ਖ਼ਾਲਸਾ ਪੰਥ ਵਿਚ ਸ਼ਾਮਿਲ ਹੋਣ ਵਾਲੇ ਮਨੁੱਖ ਵੱਖੋ-ਵੱਖਰੀਆਂ ਜਾਤਾਂ ਅਤੇ ਭੂਗੋਲਿਕ ਖਿੱਤਿਆਂ ਨਾਲ ਸੰਬੰਧ ਰੱਖਦੇ ਸਨ, ਉਨ੍ਹਾਂ ਦਾ ਪਰਿਵਾਰਿਕ ਪਿਛੋਕੜ ਵੱਖੋ-ਵੱਖਰਾ ਸੀ, ਉਨ੍ਹਾਂ ਦੇ ਰੀਤੀ ਰਿਵਾਜ ਆਪਸ ਵਿਚ ਨਹੀਂ ਸਨ ਮਿਲਦੇ, ਉਨ੍ਹਾਂ ਦਾ ਪਹਿਰਾਵਾ ਇਕੋ ਜਿਹਾ ਨਹੀਂ ਸੀ, ਉਹ ਵੱਖੋ-ਵੱਖਰੀਆਂ ਬੋਲੀਆਂ ਬੋਲਦੇ ਸਨ, ਆਦਿ। ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਨੂੰ ਬਾਣੀ ਦੇ ਨਾਲ-ਨਾਲ ਬਾਣੇ ਦੀ ਸਾਂਝ ਪੁਆਈ ਸੀ ਜਿਸ ਨਾਲ ਉਨ੍ਹਾਂ ਦੇ ਮਨ ਵਿਚ ਪੈਦਾ ਹੋਈ ਪ੍ਰਭੂ-ਮੁਖੀ ਇਕਾਗਰਤਾ ਦੇ ਬਾਹਰਮੁਖੀ ਚਿੰਨ੍ਹ ਪ੍ਰਗਟ ਹੋ ਗਏ ਸਨ।

ਗੁਰੂ ਜੀ ਨੇ ਪਹਿਲਾਂ ਚੁਣੇ ਹੋਏ ਪੰਜ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ ਖ਼ਾਲਸਾ ਪੰਥ ਦਾ ਸਰੂਪ ਪ੍ਰਗਟ ਕੀਤਾ ਸੀ ਅਤੇ ਫਿਰ ਆਪ ਵੀ ਉਨ੍ਹਾਂ ਪੰਜ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਗੁਰੂ ਗੋਬਿੰਦ ਰਾਏ ਤੋਂ ਗੁਰੂ ਗੋਬਿੰਦ ਸਿੰਘ ਹੋ ਗਏ ਸਨ। ਪਹਿਲੇ ਪੰਜ ਸਿੱਖਾਂ ਨੂੰ ਪੰਜ ਪਿਆਰਿਆਂ ਦੇ ਰੂਪ ਵਿਚ ਯਾਦ ਕੀਤਾ ਜਾਂਦਾ ਹੈ ਅਤੇ ਮੌਜੂਦਾ ਸਮੇਂ ਵਿਚ ਹਰ ਇਕ ਪੰਥਕ ਕਾਰਜ ਲਈ ਪੰਜ ਪਿਆਰਿਆਂ ਦੀ ਪ੍ਰੇਰਨਾ ਅਤੇ ਅਗਵਾਈ ਨੂੰ ਪ੍ਰਮੁੱਖਤਾ ਪ੍ਰਦਾਨ ਕੀਤੀ ਜਾਂਦੀ ਹੈ। ਖ਼ਾਲਸਾ ਪੰਥ ਦੀ ਸਿਰਜਣਾ ਤੋਂ ਬਾਅਦ ਸਮੁੱਚਾ ਖ਼ਾਲਸਾ ਪੰਥ ਇਕ ਪਲੇਟਫ਼ਾਰਮ 'ਤੇ ਆ ਗਿਆ ਸੀ ਜਿਥੇ ਪਿਛੋਕੜ ਵਿਚ ਮੰਨੇ ਜਾਂਦੇ ਕਰਮ, ਕੁਲ ਅਤੇ ਧਰਮ ਨੂੰ ਤਿਲਾਂਜਲੀ ਦਿੱਤੀ ਜਾ ਚੁੱਕੀ ਸੀ। ਵਿਸਾਖੀ ਦੇ ਮੌਸਮ ਵਿਚ ਰੁੱਖਾਂ ਦੀ ਪਛਾਣ ਨੂੰ ਪ੍ਰਗਟ ਕਰਨ ਵਾਲੀਆਂ ਕਰੂੰਬਲਾਂ ਵਾਂਗ ਨਵਾਂ ਤਿਆਰ ਕੀਤਾ ਗਿਆ ਖ਼ਾਲਸਾ ਪੰਥ ਨਵੀਂ ਪ੍ਰੇਰਨਾ, ਆਸ਼ੇ ਅਤੇ ਉਦੇਸ਼ ਲਈ ਤਿਆਰ ਹੋ ਗਿਆ ਸੀ ਜਿਸ ਦੀ ਪਛਾਣ ਦਾ ਪ੍ਰਗਟਾਵਾ ਕਰਦੇ ਹੋਏ ਗੁਰੂ ਜੀ ਦੇ ਇਕ ਦਰਬਾਰੀ ਕਵੀ ਭਾਈ ਨੰਦ ਲਾਲ ਜੀ ਕਹਿੰਦੇ ਹਨ :

**ਖਾਲਸਾ ਸੋਇ ਨਿਰਧਨ ਕੋ ਪਾਲੈ,**
**ਖਾਲਸਾ ਸੋਇ ਦੁਸ਼ਟ ਕੋ ਗਾਲੈ।**
**ਖਾਲਸਾ ਸੋਇ ਨਾਮ ਜਪ ਕਰੈ,**
**ਖਾਲਸਾ ਸੋਇ ਮਲੇਛ ਪਰ ਚੜ੍ਹੈ।**
**ਖਾਲਸਾ ਸੋਇ ਨਾਮ ਸਿਉ ਜੋੜੈ,**
**ਖਾਲਸਾ ਸੋਇ ਬੰਧਨ ਕੋ ਤੋੜੈ।**
**ਖਾਲਸਾ ਸੋਇ ਜੋ ਚੜ੍ਹੇ ਤੁਰੰਗ,**
**ਖਾਲਸਾ ਸੋਇ ਜੋ ਕਰੇ ਨਿਤ ਜੰਗ।**
**ਖਾਲਸਾ ਸੋਇ ਸ਼ਸਤਰ ਕੋ ਧਾਰੇ,**
**ਖਾਲਸਾ ਸੋਇ ਦੁਸ਼ਟ ਕੋ ਮਾਰੈ।**

ਭਾਰਤ ਦੇ ਇਸ ਖਿੱਤੇ ਵਿਚ ਇਹ ਤਿਉਹਾਰ ਹੁਣ ਕੇਵਲ ਮੌਸਮ ਨਾਲ ਹੀ ਸੰਬੰਧਿਤ ਨਹੀਂ ਰਿਹਾ ਸੀ। ਇਹ ਤਿਉਹਾਰ ਨਵੇਂ ਰੁੱਖਾਂ ਦੇ ਨਾਲ-ਨਾਲ ਨਵੇਂ ਮਨੁੱਖਾਂ ਦੀ ਸਿਰਜਣਾ ਦਾ ਪ੍ਰਤੀਕ ਵੀ ਬਣ ਗਿਆ ਸੀ। ਇਹ ਤਿਉਹਾਰ ਪੁਰਾਣਾ ਵਿਚਾਰ ਅਤੇ ਵਿਹਾਰ ਬਦਲ ਕੇ ਨਵਾਂ ਜੀਵਨ ਅਰੰਭ ਕਰਨ ਦੀ ਪ੍ਰੇਰਨਾ ਪ੍ਰਦਾਨ ਕਰਦਾ ਹੈ ਜਿਸ ਵਿਚੋਂ ਅਣਖ ਅਤੇ ਸਵੈਮਾਨ ਦੀ ਭਾਵਨਾ ਪੈਦਾ ਹੁੰਦੀ ਹੈ। ਜਿਸ ਵਿਚ ਜਾਤਪਾਤ, ਊਚ-ਨੀਚ, ਭੇਦ-ਭਾਵ ਆਦਿ ਨੂੰ ਕੋਈ ਸਥਾਨ ਨਹੀਂ ਸੀ। ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਦੇ ਆਧਾਰ 'ਤੇ ਹੋਂਦ ਵਿਚ ਆਈ ਵਰਣ-ਵਿਵਸਥਾ ਨੂੰ ਦੂਰ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਨਵਾਂ ਮਨੁੱਖ ਤਿਆਰ ਕੀਤਾ ਸੀ ਜਿਸ ਵਿਚ ਮਨੁੱਖਤਾ ਨੂੰ ਅੱਗੇ ਲਿਜਾਣ ਵਾਲੇ ਅਤੇ ਭਾਈਚਾਰਕ ਸਾਂਝ ਪੈਦਾ ਕਰਨ ਵਾਲੇ ਸਮੂਹ ਗੁਣ ਮੌਜੂਦ ਸਨ।

ਗੁਰੂ ਗੋਬਿੰਦ ਸਿੰਘ ਜੀ ਨੇ ਵਿਸਾਖੀ ਮੌਕੇ ਖ਼ਾਲਸਾ ਪੰਥ ਦੀ ਸਿਰਜਣਾ ਕਰ ਕੇ ਇਸ ਤਿਉਹਾਰ ਨੂੰ ਨਵੇਂ ਅਰਥ ਪ੍ਰਦਾਨ ਕੀਤੇ ਸਨ। ਗੁਰੂ ਸਾਹਿਬ ਦੁਆਰਾ ਪੈਦਾ ਕੀਤੀ ਗਈ ਭਾਵਨਾ ਅਤੇ ਪ੍ਰੇਰਨਾ ਅਧੀਨ ਖ਼ਾਲਸਾ ਪੰਥ ਨੇ ਜਿੱਥੇ ਇਸ ਦੇਸ ਨੂੰ ਅੰਦਰੂਨੀ ਅਤੇ ਬਾਹਰੀ ਹਮਲਿਆਂ ਤੋਂ ਬਚਾਇਆ ਸੀ, ਉੱਥੇ ਸਮਾਜ ਨੂੰ ਨਸ਼ਿਆਂ, ਵਿਭਚਾਰ ਅਤੇ ਭ੍ਰਿਸ਼ਟਾਚਾਰ ਤੋਂ ਮੁਕਤ ਕਰ ਕੇ ਪ੍ਰੇਮ, ਭਾਈਚਾਰੇ ਅਤੇ ਮਨੁੱਖੀ ਅਧਿਕਾਰਾਂ ਪ੍ਰਤੀ ਚੇਤਨਾ ਪ੍ਰਗਟ ਕਰਨ ਦਾ ਕਾਰਜ ਕੀਤਾ ਸੀ।

ਜਬਰ ਅਤੇ ਜ਼ੁਲਮ ਨੂੰ ਦੂਰ ਕਰਨ ਲਈ ਗੁਰੂ ਜੀ ਨੇ ਜਿਹੜੀ ਚਿਣਗ ਖ਼ਾਲਸਾ ਪੰਥ ਵਿਚ ਪੈਦਾ ਕਰ ਦਿੱਤੀ ਸੀ, ਉਹ ਹਰ ਸਦੀ ਅਤੇ ਸਰਕਾਰ ਮੌਕੇ ਨਵੇਂ ਰੂਪ ਵਿਚ ਸਾਹਮਣੇ ਆ ਰਹੀ ਸੀ। ਅਠਾਰ੍ਹਵੀਂ ਸਦੀ ਵਿਚ ਬਾਹਰੀ ਹਮਲਾਵਰਾਂ ਨਾਲ ਟੱਕਰ ਲੈਣ ਲਈ ਇਸ ਤਿਉਹਾਰ ਮੌਕੇ ਸਰਬੱਤ ਖ਼ਾਲਸਾ ਸਮਾਗਮ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਕੀਤੇ ਜਾਂਦੇ ਸਨ ਜਿਨਾਂ ਵਿਚ ਪੰਜਾਬ ਦੇ ਮਸਲਿਆਂ ਅਤੇ ਹਮਲਾਵਰਾਂ ਦੇ ਪ੍ਰਭਾਵ ਨੂੰ ਰੋਕਣ ਲਈ ਸਫਲ ਯਤਨ ਕੀਤੇ ਜਾਣ ਲੱਗੇ ਸਨ। ਵੀਹਵੀਂ ਸਦੀ ਵਿਚ ਇਸ ਦਿਨ ਵਾਪਰੀ ਇਕ ਘਟਨਾ ਇਤਿਹਾਸ ਦੇ ਪੰਨਿਆਂ ਦਾ ਅਟੁੱਟ ਹਿੱਸਾ ਬਣ ਗਈ ਹੈ ਜਦੋਂ 13 ਅਪ੍ਰੈਲ, 1919 ਨੂੰ ਅੰਮ੍ਰਿਤਸਰ ਦੇ ਜਲਿ ?ਹਆਂਵਾਲਾ ਬਾਗ਼ ਵਿਖੇ ਅੰਗਰੇਜ਼ ਸਰਕਾਰ ਦੀਆਂ ਨੀਤੀਆਂ ਦਾ ਵਿਰੋਧ ਕਰਨ ਲਈ ਇਕ ਵੱਡਾ ਇਕੱਠ ਹੋਇਆ ਸੀ ਜਿਸ ਵਿਚ ਸਭ ਤੋਂ ਵਧੇਰੇ ਗਿਣਤੀ ਸਿੱਖਾਂ ਦੀ ਸੀ। ਜਨਰਲ ਡਾਇਰ ਨੇ ਸ਼ਾਂਤਮਈ ਇਕੱਠ 'ਤੇ ਅਚਾਨਕ ਗੋਲੀ ਚਲਾ ਕੇ 1000 ਦੇ ਲਗਪਗ ਲੋਕਾਂ ਨੂੰ ਸ਼ਹੀਦ ਕਰ ਦਿੱਤਾ ਸੀ। ਇਹ ਬਾਗ਼ ਰਾਸ਼ਟਰੀ ਯਾਦਗਾਰ ਦੇ ਰੂਪ ਵਿਚ ਵਿਕਸਿਤ ਕੀਤਾ ਗਿਆ ਹੈ ਅਤੇ ਹਰ ਸਾਲ ਵਿਸਾਖੀ ਵਾਲੇ ਦਿਨ ਇੱਥੇ ਸ਼ਹੀਦ ਹੋਣ ਵਾਲਿਆਂ ਨੂੰ ਯਾਦ ਕੀਤਾ ਜਾਂਦਾ ਹੈ।

ਅਨੰਦਪੁਰ ਸਾਹਿਬ, ਦਮਦਮਾ ਸਾਹਿਬ ਅਤੇ ਪੰਜਾ ਸਾਹਿਬ ਸਿੱਖਾਂ ਦੇ ਤਿੰਨ ਅਜਿਹੇ ਧਾਰਮਿਕ ਅਸਥਾਨ ਹਨ ਜਿਹੜੇ ਵਿਸਾਖੀ ਮਨਾਉਣ ਦੇ ਕੇਂਦਰ ਵਜੋਂ ਦੇਖੇ ਜਾਂਦੇ ਹਨ। ਪਹਿਲੇ ਦੋ ਗੁਰਧਾਮ ਪੰਜਾਬ ਵਿਚ ਮੌਜੂਦ ਹਨ ਅਤੇ ਤੀਜਾ ਗੁਰਧਾਮ ਮੌਜੂਦਾ ਪਾਕਿਸਤਾਨ ਵਿਖੇ ਸਥਿਤ ਹੈ ਜਿਥੇ ਇਸ ਤਿਉਹਾਰ ਨੂੰ ਮਨਾਉਣ ਲਈ ਭਾਰਤ ਤੋਂ ਵਿਸ਼ੇਸ਼ ਜਥੇ ਭੇਜੇ ਜਾਂਦੇ ਹਨ। ਇਹ ਤਿਉਹਾਰ ਅੰਤਰ-ਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਕਰ ਚੁੱਕਾ ਹੈ ਅਤੇ ਬਹੁਤ ਸਾਰੇ ਮੁਲਕਾਂ ਵਿਚ ਇਸ ਤਿਉਹਾਰ ਨੂੰ ਮਨਾਉਣ ਲਈ ਵਿਸ਼ੇਸ਼ ਸਮਾਗਮ ਕੀਤੇ ਜਾਂਦੇ ਹਨ ਜਿਨ੍ਹਾਂ ਵਿਚ ਹਰ ਆਮ-ਖਾਸ ਲੋਕ ਸ਼ਾਮਿਲ ਹੋ ਕੇ ਮਾਣ ਮਹਿਸੂਸ ਕਰਦੇ ਹਨ। ਸਿੱਖਾਂ ਤੋਂ ਇਲਾਵਾ ਦੂਜੇ ਧਰਮਾਂ, ਵਿਸ਼ਵਾਸਾਂ ਅਤੇ ਨਸਲਾਂ ਨਾਲ ਸੰਬੰਧਿਤ ਸ਼ਖ਼ਸੀਅਤਾਂ ਦਸਤਾਰ ਸਜਾ ਕੇ ਇਸ ਤਿਉਹਾਰ ਨੂੰ ਮਨਾਉਣ ਵਿਚ ਖ਼ੁਸ਼ੀ ਮਹਿਸੂਸ ਕਰਦੀਆਂ ਹਨ। ਇਸ ਦ੍ਰਿਸ਼ਟੀ ਤੋਂ ਇਹ ਤਿਉਹਾਰ ਸਭਨਾਂ ਦੇ ਜੀਵਨ ਵਿਚ ਜੋਸ਼, ਉਤਸ਼ਾਹ, ਉਮੰਗ, ਖੇੜੇ, ਖ਼ੁਸ਼ਹਾਲੀ ਅਤੇ ਭਾਈਚਾਰਕ ਸਾਂਝ ਦਾ ਪ੍ਰਤੀਕ ਹੈ।

# ਖ਼ਾਲਸਾ ਪੰਥ ਦੀ ਸਿਰਜਣਾ : ਇਤਿਹਾਸਕ ਪ੍ਰਸੰਗ

*'ਗੁਰੂ ਗੋਬਿੰਦ ਸਿੰਘ ਨੇ ਜਿਹੜੀ ਸਰਬ-ਲੋਹ ਦੀ ਪਾਹੁਲ ਨਾਲ ਜੀਵਨ-ਧਾਰਾ ਦਾ ਨਵ-ਸੰਚਾਲਨ ਕੀਤਾ, ਉਹ ਇਕ ਅਜਿਹੀ ਪ੍ਰੇਰਨਾ ਸ਼ਕਤੀ ਹੈ ਜੋ ਮਨੁੱਖ ਦੀ ਨਵੇਂ ਧਰਮ ਵਿਚ ਨਵੀਂ ਘਾੜਤ ਘੜਦੀ ਹੈ ਅਤੇ ਉਸ ਨੂੰ ਪ੍ਰੇਮ ਵਿਚ ਮ੍ਰਿਤੂ ਦਾ ਪਾਠ ਪੜ੍ਹਾਉਂਦੀ ਹੈ। ਇਹ ਉਨ੍ਹਾਂ ਗੁਰੂ ਵਰੋਸਾਏ ਪਿਆਰਿਆਂ ਵਲੋਂ ਬਖ਼ਸ਼ੀ ਜਾਂਦੀ ਦਾਤ ਹੈ, ਜਿਨ੍ਹਾਂ ਨੂੰ ਗੁਰੂ ਨੇ ਨਵਾਂ ਵਿਅਕਤਿਤਵ ਬਖਸ਼ਣ ਦਾ ਅਧਿਕਾਰ ਪ੍ਰਦਾਨ ਕੀਤਾ ਹੈ। ਇਹ ਦੈਵੀ-ਛੋਹ ਮਨੁੱਖ ਨੂੰ ਨਵ-ਮਾਨਵ ਤੇ ਦੇਵਤਾ ਬਣਾ ਦੇਣ ਦੀ ਕਰਾਮਾਤ ਹੈ।'*

ਡਾ. ਜਸਪਾਲ ਸਿੰਘ

1699 ਦੀ ਵਿਸਾਖੀ ਦਾ ਦੁਨੀਆ ਦੇ ਇਤਿਹਾਸ ਵਿਚ ਆਪਣਾ ਨਿਵੇਕਲਾ ਮੁਕਾਮ ਹੈ। ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ ਇਸ ਵਿਸਾਖੀ ਵਾਲੇ ਦਿਨ ਇਕ ਐਸਾ ਇਨਕਲਾਬ ਵਾਪਰਿਆ ਸੀ, ਜਿਸ ਨੇ ਇਤਿਹਾਸ ਦੀ ਬਣਤਰ ਤੇ ਨੁਹਾਰ ਬਦਲ ਦਿੱਤੀ ਸੀ। ਖ਼ਾਲਸਾ ਪੰਥ ਦੀ ਸਿਰਜਣਾ ਕਰਕੇ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਕ੍ਰਾਂਤੀਕਾਰੀ ਸੰਦੇਸ਼ ਦਿੱਤਾ ਸੀ ਅਤੇ ਹਿੰਦੁਸਤਾਨੀ ਜਨਤਾ ਵਿਚ ਇਕ ਨਵੀਂ ਰੂਹ ਫੂਕ ਦਿੱਤੀ ਸੀ। ਇਤਿਹਾਸ ਦੱਸਦਾ ਹੈ ਕਿ ਇਸ ਵਿਸਾਖੀ ਵਾਲੇ ਦਿਨ ਹਜ਼ਾਰਾਂ ਦੀ ਗਿਣਤੀ 'ਚ ਸੰਗਤ ਦੇ ਇਕੱਠ ਸਾਹਮਣੇ ਜਦੋਂ ਗੁਰੂ ਗੋਬਿੰਦ ਸਿੰਘ ਜੀ ਆਏ ਤਾਂ ਉਨ੍ਹਾਂ ਦੇ ਚਿਹਰੇ 'ਤੇ ਅਦੁੱਤੀ ਜਲਾਲ ਸੀ ਅਤੇ ਹੱਥ ਵਿਚ ਨੰਗੀ ਤਲਵਾਰ। ਆਪਣੇ ਮਨ-ਮੰਦਰ ਵਿਚ ਪਹਿਲਾਂ ਤੋਂ ਉਲੀਕੇ ਪ੍ਰੋਗਰਾਮ ਅਨੁਸਾਰ ਉਨ੍ਹਾਂ ਆਪਣੀ ਸੰਗਤ ਪਾਸੋਂ ਇਕ ਸਿਰ ਦੀ ਮੰਗ ਕੀਤੀ। ਸਾਰਾ ਇਕੱਠ ਇਹ ਵਿਚਿੱਤਰ ਮੰਗ ਸੁਣ ਕੇ ਇਕ ਵਾਰ ਅਚੰਭਿਤ ਹੋ ਗਿਆ, ਸਨਸਨੀ ਛਾ ਗਈ। ਪਰ ਇਕ ਸਿੱਖ ਉਠਿਆ ਤੇ ਉਸ ਨੇ ਆਪਣਾ ਆਪ ਗੁਰੂ ਜੀ ਦੀ ਭੇਟ ਕਰ ਦਿੱਤਾ। ਗੁਰੂ ਸਾਹਿਬ ਉਸ ਨੂੰ ਨਾਲ ਲੱਗੇ ਤੰਬੂ ਵਿਚ ਲੈ ਗਏ। ਥੋੜ੍ਹੀ ਦੇਰ ਬਾਅਦ ਖ਼ੂਨ ਨਾਲ ਭਿੱਜੀ ਕਿਰਪਾਨ ਲੈ ਕੇ ਤੰਬੂ ਤੋਂ ਬਾਹਰ ਆਏ ਅਤੇ ਇਕ ਹੋਰ ਸਿਰ ਦੀ ਮੰਗ ਕੀਤੀ। ਦੂਜੀ ਵਾਰ ਫਿਰ ਸੰਗਤ ਵਿਚ ਸਨਸਨੀ ਛਾ ਗਈ ਪਰ ਇਸ ਵਾਰ ਵੀ ਇਕ ਗੁਰੂ ਦਾ ਸਿੱਖ ਤੁਰ ਪਿਆ ਆਪਣਾ ਸੀਸ ਭੇਟ ਕਰਨ ਲਈ। ਇਸ ਤਰ੍ਹਾਂ ਪੰਜ ਵਾਰ ਗੁਰੂ ਸਾਹਿਬ ਨੇ ਸੰਗਤਾਂ ਦੇ ਇਕੱਠ ਵਿਚ ਕੁਰਬਾਨੀ ਦੀ ਮੰਗ ਕੀਤੀ ਅਤੇ ਪੰਜੇ ਵਾਰ ਗੁਰੂ ਦੀ ਸੰਗਤ ਪ੍ਰੀਖਿਆ 'ਚੋਂ ਪਾਸ ਹੋਈ। ਆਖਿਰ ਗੁਰੂ ਜੀ ਆਪਣੇ ਪੰਜਾਂ ਸਿੱਖਾਂ ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਮੁਹਕਮ ਸਿੰਘ, ਭਾਈ ਸਾਹਿਬ ਸਿੰਘ ਅਤੇ ਭਾਈ ਹਿੰਮਤ ਸਿੰਘ ਨਾਲ ਤੰਬੂ 'ਚੋਂ ਬਾਹਰ ਨਿਕਲੇ। ਖੰਡੇ-ਬਾਟੇ ਦਾ ਅੰਮ੍ਰਿਤ ਤਿਆਰ ਕੀਤਾ ਅਤੇ ਇਨ੍ਹਾਂ ਪੰਜਾਂ ਮਰਜੀਵੜਿਆਂ ਨੂੰ ਅੰਮ੍ਰਿਤ ਪਾਨ ਕਰਾ ਕੇ 'ਪੰਜਾਂ ਪਿਆਰਿਆਂ' ਦਾ ਖਿਤਾਬ ਦਿੱਤਾ। ਫਿਰ 'ਆਪੇ ਗੁਰ ਚੇਲਾ' ਕਹਾਉਣ ਵਾਲੇ ਗੁਰੂ ਨੇ ਵੀ ਇਨ੍ਹਾਂ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਅਤੇ ਆਪਣੇ ਆਪ ਨੂੰ ਖ਼ਾਲਸੇ ਵਿਚ ਅਭੇਦ ਕਰ ਦਿੱਤਾ। ਇਤਿਹਾਸ ਸਾਖੀ ਹੈ ਕਿ ਇਸ ਸਾਰੇ ਵਰਤਾਰੇ ਤੋਂ ਬਾਅਦ ਹਜ਼ਾਰਾਂ ਸਿੱਖ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਖ਼ਾਲਸਾ ਜਥੇਬੰਦੀ ਵਿਚ ਸ਼ਾਮਿਲ ਹੋ ਗਏ। ਸੱਯਦ ਮੁਹੰਮਦ ਲਤੀਫ਼ ਦੀ 'ਹਿਸਟਰੀ ਆਫ਼ ਪੰਜਾਬ' ਅਨੁਸਾਰ ਪਹਿਲੇ ਪੰਦਰਾਂ ਦਿਨਾਂ ਵਿਚ ਹੀ 80 ਹਜ਼ਾਰ ਤੋਂ ਵੱਧ ਲੋਕੀਂ ਅਨੰਦਪੁਰ ਸਾਹਿਬ ਪੁੱਜ ਚੁੱਕੇ ਸਨ ਅਤੇ ਗੁਰੂ ਸਾਹਿਬ ਦਾ ਮਾਰਗ ਅਪਣਾਉਣ ਲਈ ਤਤਪਰਤਾ ਨਾਲ ਆਪਣਾ ਆਪ ਪੇਸ਼ ਕਰ ਰਹੇ ਸਨ।

ਇਤਿਹਾਸ ਨੂੰ ਹੋਰ ਬਾਰੀਕੀ ਨਾਲ ਘੋਖੀਏ ਤਾਂ ਇਹ ਤੱਥ ਬੜੀ ਸ਼ਿੱਦਤ ਨਾਲ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਜੋ ਇਤਿਹਾਸਕ ਚਮਤਕਾਰ 1699 ਦੀ ਵਿਸਾਖੀ ਨੂੰ ਵਾਪਰਿਆ, ਉਸ ਦੇ ਪਿਛੋਕੜ ਵਿਚ ਸਮੁੱਚੀ ਗੁਰੂ ਪਰੰਪਰਾ ਖੜੀ ਸੀ। ਗੁਰੂ ਨਾਨਕ ਪਾਤਸ਼ਾਹ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਨਿਰੰਤਰਤਾ ਨਾਲ ਇਸ ਖ਼ਾਲਸਾ ਪੰਥ ਦੀ ਸਿਰਜਣਾ ਦਾ ਕਾਰਜ ਚਲ ਰਿਹਾ ਸੀ, ਜਿਸ ਨੂੰ ਅੰਤਿਮ ਛੋਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਿੱਤੀ ਸੀ। ਅਮਲੀ ਰੂਪ ਵਿਚ ਗੁਰੂ ਨਾਨਕ ਦੇਵ ਦੇ ਮਾਰਗ ਨੂੰ ਹੀ 'ਪੰਜ ਪਿਆਰੇ' ਸਿਰਜ ਕੇ ਪ੍ਰਤੱਖ ਰੂਪ ਵਿਚ ਪ੍ਰਗਟ ਕੀਤਾ ਗਿਆ ਸੀ। ਇਸ ਤੱਥ ਦੀ ਪ੍ਰੋੜ੍ਹਤਾ ਕਰਨ ਲਈ ਇਥੇ ਦੋ ਨੁਕਤੇ ਸਾਂਝੇ ਕਰਨਾ ਚਾਹੁੰਦਾ ਹਾਂ। ਪਹਿਲਾ, ਹਿੰਦੁਸਤਾਨ ਦੇ ਕੋਨੇ-ਕੋਨੇ ਤੋਂ ਚਲ ਕੇ ਹਜ਼ਾਰਾਂ ਸਿੱਖਾਂ ਦਾ ਇਸ ਮੌਕੇ 'ਤੇ ਅਨੰਦਪੁਰ ਸਾਹਿਬ ਪਹੁੰਚਣਾ, ਇਸ ਗੱਲ ਦਾ ਸਪੱਸ਼ਟ ਪ੍ਰਮਾਣ ਹੈ ਕਿ ਗੁਰੂ ਨਾਨਕ ਦੇਵ ਤੇ ਉਨ੍ਹਾਂ ਤੋਂ ਬਾਅਦ ਸਮੁੱਚੀ ਗੁਰੂ ਪਰੰਪਰਾ ਦੇ ਯਤਨਾਂ ਦੁਆਰਾ ਸਿੱਖੀ ਦਾ ਪ੍ਰਸਾਰ ਪੂਰੇ ਹਿੰਦੁਸਤਾਨ ਵਿਚ ਹੋ ਚੁੱਕਾ ਸੀ। ਕੋਈ ਸ਼ੱਕ ਨਹੀਂ ਕਿ ਇਹ ਇਕੱਠ ਉਸੇ ਸਿੱਖੀ ਦਾ ਸੀ ਜਿਹੜੀ ਸਿੱਖੀ ਗੁਰੂ ਪਰੰਪਰਾ ਦੇ ਦੋ ਸਦੀਆਂ ਦੇ ਨਿਰੰਤਰ ਪ੍ਰਚਾਰ ਨਾਲ ਫੈਲੀ ਸੀ। ਦੂਜਾ, ਜਿਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੀ ਸਿਰਾਂ ਦੀ ਮੰਗ ਸੰਗਤਾਂ ਦੇ ਇਕੱਠ 'ਚੋਂ ਪੂਰੀ ਹੋਈ, ਇਸ ਤੱਥ ਦੀ ਪ੍ਰੋੜ੍ਹਤਾ ਹੁੰਦੀ ਹੈ ਕਿ ਉਦੋਂ ਤੱਕ ਸਿੱਖ ਸਮਾਜ ਕੁਰਬਾਨੀ ਦਾ ਪਾਠ ਪੜ੍ਹ ਚੁੱਕਿਆ ਸੀ। ਸਪੱਸ਼ਟ ਹੈ ਕਿ ਜੋ ਚਮਤਕਾਰ ਵਿਹਾਰਕ ਰੂਪ ਵਿਚ 1699 ਦੀ ਵਿਸਾਖੀ ਨੂੰ ਵਾਪਰਿਆ, ਉਹ ਬੀਜ ਰੂਪ ਵਿਚ ਇਕ ਸਿਧਾਂਤ ਦੀ ਤਰ੍ਹਾਂ ਪਹਿਲਾਂ ਤੋਂ ਮੌਜੂਦ ਸੀ।

ਇਥੇ ਇਹ ਹਕੀਕਤ ਵੀ ਯਾਦ ਰੱਖਣ ਵਾਲੀ ਹੈ ਕਿ ਗੁਰੂ ਸਾਹਿਬ ਵਿਤਕਰਿਆਂ ਦੇ ਸ਼ਿਕਾਰ ਭਾਰਤੀ ਸਮਾਜ ਦੀਆਂ ਵੱਖ-ਵੱਖ ਜਾਤਾਂ ਤੇ ਫਿਰਕਿਆਂ ਨੂੰ ਏਕਤਾ ਦੇ ਸੂਤਰ ਵਿਚ ਪਰੋਅ ਕੇ ਅਰਥਪੂਰਨ ਜੀਵਨ ਦੀ ਜਾਚ ਸਿਖਾਉਣਾ ਚਾਹੁੰਦੇ ਸਨ। ਸਾਰੇ ਸ਼ੋਸਿਤ ਸਮਾਜ ਨੂੰ ਰਾਜ-ਸੱਤਾ ਵਿਚ ਆਪਣੀ ਭਾਗੀਦਾਰੀ ਪ੍ਰਾਪਤ ਕਰਨ ਲਈ ਤਿਆਰ-ਬਰ-ਤਿਆਰ ਕਰਨਾ ਚਾਹੁੰਦੇ ਸਨ। ਗੁਰੂ ਸਾਹਿਬ ਦੀ ਇਸ ਯੋਜਨਾ ਦਾ ਜ਼ਿਕਰ ਗਿਆਨੀ ਗਿਆਨ ਸਿੰਘ ਨੇ ਆਪਣੇ ਪੰਥ ਪ੍ਰਕਾਸ਼ ਵਿਚ ਇਸ ਤਰ੍ਹਾਂ ਕਲਮ-ਬੰਦ ਕੀਤਾ ਹੈ:

**ਇਨ ਚਿੜੀਅਨ ਤੇ ਬਾਜ ਤੁੜਾਵੋਂ।**
**ਅਜਾ ਸੁਤਨ ਤੇ ਸ਼ੇਰ ਕੁਰਾਵੋਂ।**
**ਸਿੱਖਨ ਕੋ ਭੁਗਤੈ ਹੌਂ ਰਾਜ।**
**ਤਬੈ ਸਦੈਹੋਂ ਗਰੀਬ ਨਿਵਾਜ।**

ਇਕ ਗੱਲ ਹੋਰ। ਖ਼ਾਲਸਾ ਕੌਣ ਹੈ, ਕੀ ਪਰਿਭਾਸ਼ਾ ਹੈ ਖ਼ਾਲਸੇ ਦੀ? ਇਹ ਸਵਾਲ ਵੀ ਬਹੁਤ ਅਹਿਮ ਹੈ। ਸਾਡੀਆਂ ਇਤਿਹਾਸਕ ਤੇ ਰਵਾਇਤੀ ਲਿਖਤਾਂ ਵਿਚੋਂ ਇਸ ਸਵਾਲ ਦਾ ਜਵਾਬ ਮਿਲ ਜਾਂਦਾ ਹੈ। 'ਪ੍ਰੇਮ ਸੁਮਾਰਗ ਗ੍ਰੰਥ' ਵਿਚ ਇਸ ਸਵਾਲ ਦਾ ਜਵਾਬ ਦੇਣ ਦਾ ਯਤਨ ਬੜੇ ਢੁਕਵੇਂ ਅੰਦਾਜ਼ ਵਿਚ ਕੀਤਾ ਗਿਆ ਹੈ। ਲਿਖਤ ਦੀਆਂ ਸਤਰਾਂ ਇਸ ਤਰ੍ਹਾਂ ਹਨ:

**'ਸੋ ਕਉਨ ਖ਼ਾਲਸਾ ਹੈਨਿ?**
**ਜਿਨ੍ਹੀ ਕਿਨ੍ਹੀਂ ਆਪਣਾ ਤਨ ਮਨ ਧਨੁ**
**ਗੁਰੂ ਸ੍ਰੀ ਅਕਾਲ ਪੁਰਖ ਦੀ ਕਓ ਸਓਪਿਆ ਹੈ**
**ਕਿਸੀ ਬਾਤ ਕਾ ਉਨ ਕਓ ਹਰਖ ਸੋਗ ਨਾਹੀ**
**ਅਰ ਕਿਸੀ ਦੀ ਆਸਾ ਨਹੀਂ ਕਰਤੇ**
**ਅਰ ਇੰਦ੍ਰੀਆਂ ਆਪਣੀਆਂ ਕਓ ਜੀਤ ਬੈਠੇ ਹੈਨਿ**
**ਅਰ ਚਿਤਨਵੀ ਆਪਨੀ ਕਓ**
**ਸ੍ਰੀ ਅਕਾਲ ਪੁਰਖ ਜੀ ਦੇ**
**ਚਰਨਾਰਬਿੰਦ ਬਿਖੈ ਰਖਿਆ ਹੈ'**

ਕਵੀ ਸੈਨਾਪਤੀ ਰਚਿਤ 'ਸ੍ਰੀ ਗੁਰ ਸੋਭਾ' ਅਨੁਸਾਰ ਖ਼ਾਲਸਾ ਉਹ ਹੈ ਜਿਸ ਦੇ ਹਿਰਦੇ ਵਿਚ ਕਿਸੇ ਕਿਸਮ ਦਾ ਭਰਮ ਨਹੀਂ। ਭਰਮ ਭੇਖ ਤੋਂ ਨਿਆਰਾ ਵਿਅਕਤੀ ਹੀ ਖ਼ਾਲਸਾ ਅਖਵਾ ਸਕਦਾ ਹੈ:

**ਖ਼ਾਲਸਾ ਖਾਸ ਕਹਾਵੈ ਸੋਈ,**
**ਜਾ ਕੈ ਹਿਰਦੈ ਭਰਮ ਨ ਹੋਈ।**
**ਭਰਮ ਭੇਖ ਤੇ ਰਹੈ ਨਿਆਰਾ,**
**ਸੋ ਖ਼ਾਲਸਾ ਸਤਿਗੁਰੂ ਹਮਾਰਾ।**

ਭਾਈ ਰਤਨ ਸਿੰਘ ਭੰਗੂ ਨੇ ਖ਼ਾਲਸਾ ਸ਼ਬਦ ਨੂੰ ਨਿਵੇਕਲੀ ਦ੍ਰਿਸ਼ਟੀ ਤੋਂ ਪ੍ਰਭਾਸ਼ਿਤ ਕੀਤਾ ਹੈ। ਉਸ ਅਨੁਸਾਰ ਖ਼ਾਲਸਾ ਪੂਰਨ ਪ੍ਰਭੂਸੱਤਾ ਦਾ ਮਾਲਕ ਹੈ, ਖੁਦਮੁਖਤਿਆਰ ਹੈ। ਕਿਸੇ ਦੀ ਈਨ ਮੰਨਣਾ ਉਸ ਦੇ ਸੁਭਾਅ ਵਿਚ ਸ਼ਾਮਿਲ ਨਹੀਂ। ਉਹ ਆਪ ਖੁਦਾਈ ਸ਼ਕਤੀ ਦਾ ਪ੍ਰਤੀਕ ਹੈ ਅਤੇ ਖੁਦਾਈ ਗੁਣਾਂ ਦਾ ਧਾਰਨੀ ਹੈ:

**ਖ਼ਾਲਸੋ ਹੋਵੈ ਖੁਦ ਖੁਦਾ**
**ਜਿਸ ਖੂਬੀ ਖੂਬ ਖੁਦਾਇ।**
**ਆਨ ਨਾ ਮਾਨੈ ਆਨ ਕੀ**
**ਇਕ ਸੱਚੇ ਬਿਨ ਪਾਤਿਸ਼ਾਹਿ।**

ਭਾਈ ਨੰਦ ਲਾਲ ਦੇ 'ਤਨਖਾਹਨਾਮਾ' ਵਿਚ ਖ਼ਾਲਸੇ ਦੇ ਗੁਣਾਂ ਦੀ ਇਕ ਲੰਮੀ ਫਹਿਰਿਸਤ ਦਿੱਤੀ ਹੋਈ ਹੈ। ਮਿਸਾਲ ਵਜੋਂ ਨਿੰਦਾ ਦਾ ਤਿਆਗ ਕਰਨ ਵਾਲਾ, ਰਣ ਭੂਮੀ ਵਿਚ ਲੜ ਮਰਨ ਵਾਲਾ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੂੰ ਮਾਰ-ਮੁਕਾਉਣ ਵਾਲਾ, ਭਰਮਾਂ-ਵਹਿਮਾਂ ਦਾ ਨਾਸ ਕਰਨ ਵਾਲਾ ਖ਼ਾਲਸਾ ਹੈ:

**ਖ਼ਾਲਸਾ ਸੋਇ ਜੋ ਨਿੰਦਾ ਤਿਆਗੈ।**
**ਖ਼ਾਲਸਾ ਸੋਇ ਲੜੈ ਹੋਇ ਆਗੈ।**
**ਖ਼ਾਲਸਾ ਸੋਇ ਪੰਚ ਕੋ ਮਾਰੈ।**
**ਖ਼ਾਲਸਾ ਸੋਇ ਭਰਮ ਕੋ ਸਾੜੈ।**

ਇਸ ਤਰ੍ਹਾਂ ਸਪੱਸ਼ਟ ਹੈ ਕਿ ਇਤਿਹਾਸਕ ਦ੍ਰਿਸ਼ਟੀ ਤੋਂ ਵੇਖੀਏ ਤਾਂ 1699 ਦੀ ਵਿਸਾਖੀ 'ਤੇ ਅਨੰਦਪੁਰ ਦੀ ਪਵਿੱਤਰ ਧਰਤੀ ਤੇ, ਸਿੱਖੀ ਦੇ ਬੁਨਿਆਦੀ ਅਸੂਲਾਂ ਅਤੇ ਸਿਧਾਂਤਾਂ ਉੱਪਰ ਵਿਸ਼ਵਾਸ ਰੱਖਣ ਵਾਲਾ, ਭਰਮ-ਭੇਖ ਤੋਂ ਨਿਆਰਾ ਰਹਿ ਕੇ ਆਪਣੇ ਚਿਤ ਨੂੰ ਹਮੇਸ਼ਾ ਅਕਾਲ ਪੁਰਖ ਦੇ ਚਰਨਾਂ ਵਿਚ ਟਿਕਾ ਕੇ ਵਿਲੱਖਣ ਜੀਵਨ ਜਿਊਣ ਵਾਲਾ, ਇਨਕਲਾਬੀ, ਮਰਜੀਵੜਾ, ਖ਼ੁਦਮੁਖਿਤਿਆਰ ਖ਼ਾਲਸਾ ਪੰਥ ਹੋਂਦ ਵਿਚ ਆਇਆ। ਖ਼ਾਲਸਾ ਪੰਥ ਦੀ ਸਿਰਜਣਾ ਦੇ ਨਿਵੇਕਲੇ ਇਤਿਹਾਸਕ ਪ੍ਰਸੰਗ ਵਿਚ ਪ੍ਰੋ. ਪੂਰਨ ਸਿੰਘ ਦੁਆਰਾ ਲਿਖੀ ਇਹ ਇਬਾਰਤ ਵੀ ਪੜ੍ਹਨ ਵਾਲੀ ਹੈ। ਉਨ੍ਹਾਂ ਦਾ ਕਹਿਣਾ ਹੈ 'ਗੁਰੂ ਗੋਬਿੰਦ ਸਿੰਘ ਨੇ ਜਿਹੜੀ ਸਰਬ-ਲੋਹ ਦੀ ਪਾਹੁਲ ਨਾਲ ਜੀਵਨ-ਧਾਰਾ ਦਾ ਨਵ-ਸੰਚਾਲਨ ਕੀਤਾ, ਉਹ ਇਕ ਅਜਿਹੀ ਪ੍ਰੇਰਨਾ ਸ਼ਕਤੀ ਹੈ ਜੋ ਮਨੁੱਖ ਦੀ ਨਵੇਂ ਧਰਮ ਵਿਚ ਨਵੀਂ ਘਾੜਤ ਘੜਦੀ ਹੈ ਅਤੇ ਉਸ ਨੂੰ ਪ੍ਰੇਮ ਵਿਚ ਮ੍ਰਿਤੂ ਦਾ ਪਾਠ ਪੜ੍ਹਾਉਂਦੀ ਹੈ। ਇਹ ਉਨ੍ਹਾਂ ਗੁਰੂ ਵਰੋਸਾਏ ਪਿਆਰਿਆਂ ਵਲੋਂ ਬਖ਼ਸ਼ੀ ਜਾਂਦੀ ਦਾਤ ਹੈ, ਜਿਨ੍ਹਾਂ ਨੂੰ ਗੁਰੂ ਨੇ ਨਵਾਂ ਵਿਅਕਤਿਤਵ ਬਖਸ਼ਣ ਦਾ ਅਧਿਕਾਰ ਪ੍ਰਦਾਨ ਕੀਤਾ ਹੈ। ਇਹ ਦੈਵੀ-ਛੋਹ ਮਨੁੱਖ ਨੂੰ ਨਵ-ਮਾਨਵ ਤੇ ਦੇਵਤਾ ਬਣਾ ਦੇਣ ਦੀ ਕਰਾਮਾਤ ਹੈ।'

ਲੇਖ ਦੇ ਆਖਿਰ ਵਿਚ, ਹਿੰਦੀ ਜਗਤ ਦੇ ਮਹਾਨ ਸਾਹਿਤਕਾਰ, ਹਜਾਰੀ ਪ੍ਰਸ਼ਾਦ ਦਿਵੇਦੀ ਦੀਆਂ ਵੱਡੇ ਮਹੱਤਵ ਵਾਲੀਆਂ ਕੁਝ ਸਤਰਾਂ ਇਥੇ ਦਰਜ ਕਰਨਾ ਚਾਹੁੰਦਾ ਹਾਂ। ਉਨ੍ਹਾਂ ਦਾ ਕਥਨ ਹੈ-'ਇਤਿਹਾਸ ਦੇ ਪੰਡਿਤਾਂ ਨੇ ਬੜੇ ਅਸਚਰਜ ਨਾਲ ਦੇਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਅਦਭੁਤ ਚਮਤਕਾਰ ਕਰ ਦਿਖਾਇਆ। ਜਨਤਾ ਨਿਰਾਸ਼ ਸੀ, ਉਸ ਵਿਚ ਕਿਸੇ ਕਿਸਮ ਦਾ ਆਤਮ-ਸਨਮਾਨ ਨਹੀਂ ਸੀ ਰਹਿ ਗਿਆ। ਅੱਤਿਆਚਾਰ ਅਤੇ ਅਨਾਚਾਰ ਨੂੰ ਕਿਸਮਤ ਦਾ ਦੋਸ਼ ਕਹਿ ਕੇ ਸਵੀਕਾਰ ਕਰ ਲਿਆ ਸੀ। ਐਸੇ ਹੀ ਲੋਗਾਂ ਵਿਚ ਉਨ੍ਹਾਂ ਨੇ ਮਹਾਨ ਸੂਰਬੀਰ ਪੈਦਾ ਕਰ ਦਿੱਤੇ। ਮੌਤ ਦੇ ਡਰ ਨੂੰ ਮੰਨੋ ਮੰਤਰ ਦੀ ਸ਼ਕਤੀ ਨਾਲ ਉੜਾ ਦਿੱਤਾ। ਸਿਰ ਹਥੇਲੀ ਉਤੇ ਰੱਖ ਕੇ ਇਨ੍ਹਾਂ ਯੋਧਿਆਂ ਨੇ ਅਨਿਆਂ ਨੂੰ ਲਲਕਾਰਿਆ ਅਤੇ ਦੇਖਦਿਆਂ-ਦੇਖਦਿਆਂ ਇਤਿਹਾਸ ਪਲਟ ਦਿੱਤਾ। ਇਤਿਹਾਸ ਵਿਚ ਇਹੋ ਜਿਹੀ ਅਘਟਿਤ ਘਟਨਾ ਘੱਟ ਹੀ ਦੇਖੀ ਗਈ ਹੈ। ਕਾਲ ਦੇ ਰਥ-ਚੱਕਰ ਨੂੰ ਇਸ ਤਰ੍ਹਾਂ ਮੋੜ ਦੇਣਾ, ਗੁਰੂ ਜੀ ਦੀ ਹੀ ਕਰਾਮਾਤ ਸੀ।'

ਸੁਆਮੀ ਵਿਵੇਕਾਨੰਦ ਨੇ ਵੀ ਖ਼ਾਲਸਾ ਪੰਥ ਦੀ ਸਿਰਜਣਾ ਦੇ ਮਹੱਤਵ ਨੂੰ ਕਲਮ ਬੰਦ ਕਰਦਿਆਂ ਇਸ ਸਚਾਈ ਦਾ ਬਿਆਨ ਇਸ ਤਰ੍ਹਾਂ ਕੀਤਾ ਹੈ-'ਗੁਰੂ ਗੋਬਿੰਦ ਸਿੰਘ ਨੇ ਆਪਣੇ ਸਿੱਖਾਂ ਨੂੰ ਦੀਕਸ਼ਾ (ਅੰਮ੍ਰਿਤ ਦੀ ਦਾਤ) ਦਿੱਤੀ ਸੀ, ਜਿਸ ਨਾਲ ਉਨ੍ਹਾਂ ਵਿਚ ਸ਼ਕਤੀ ਦਾ ਸੰਚਾਰ ਹੋ ਗਿਆ ਸੀ। ਹਰ ਇਕ ਦੀਛਤ ਮਨੁੱਖ ਵਿਚ ਸਵਾ ਲੱਖ ਮਨੁੱਖਾਂ ਦੀ ਸ਼ਕਤੀ ਸੰਚਰਿਤ ਹੋ ਗਈ ਸੀ। ਭਾਰਤ ਵਿਚ, ਉਸ ਦੇ ਇਤਿਹਾਸ ਵਿਚ, ਇਸ ਵਰਗਾ ਕੋਈ ਹੋਰ ਦ੍ਰਿਸ਼ਟਾਂਤ ਵਿਰਲਾ ਹੀ ਮਿਲੇਗਾ, ਜੋ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ ਸੀ।'






ਜੱਟਾ ਆਈ
ਵਿਸਾਖੀ
ਖਾਲਸਾ ਸਾਜਨਾ ਦਿਵਸ
ਅਤੇ ਵਿਸਾਖੀ ਦੀਆਂ
ਵਿਸਾਖੀ
ਦੀਆਂ ਮੁਬਾਰਕਾਂ
ਖਾਲਸੇ ਦੇ ਸਥਾਪਨਾ ਦਿਵਸ ਅਤੇ ਵਿਸਾਖੀ ਦੀਆਂ ਦੇਸਾਂ ਵਿਦੇਸਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਬਹੁਤ ਬਹੁਤ ਵਧਾਈਆਂ। ਅੱਜ ਦੇ ਹੀ ਦਿਨ 1699 ਵਿੱਚ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ 'ਪੰਜ ਪਿਆਰਿਆਂ' ਨੂੰ ਅੰਮ੍ਰਿਤ ਛਕਾ ਕੇ 'ਖਾਲਸਾ ਪੰਥ' ਦੀ ਸਾਜਨਾ ਕੀਤੀ ਸੀ।
ਸ. ਬਲਰਾਜ ਸਿੰਘ ਢਿੱਲੋਂ ਤੇ ਉਨ੍ਹਾਂ ਦੇ ਵੀਰ ਸ. ਮਨਦੀਪ ਸਿੰਘ ਢਿੱਲੋਂ


ਵਿਸਾਖੀ
ਦੀਆਂ ਲੱਖ-ਲੱਖ
ਵਧਾਈਆਂ!
ਫਸਲਾਂ ਦੀ ਮੁੱਕ
ਗਈ ਰਾਖੀ,
ਓ ਜੱਟਾ ਆਈ
ਵਿਸਾਖੀ
A&I Trucking Co.
123 E. Lee Road Watsonville, CA
Ph: 831-247-4637
ਅਮੋਲਕ ਸਿੰਘ ਗਾਖਲ
ਇਕਬਾਲ ਸਿੰਘ ਗਾਖਲ
ਪਲਵਿੰਦਰ ਸਿੰਘ ਗਾਖਲ
Gurvinder Singh Gakhal
Paramvir Singh Gakhal
Jaskaran Singh Gakhal
Karamvir Singh Gakhal
Amarvir Singh Gakhal
ਆਓ ਸਰਬੱਤ ਦੇ ਭਲੇ ਦੇ ਧਾਰਨੀ ਬਣੀਏ ਸਰਬਸਾਂਝੀ ਗੁਰਬਾਣੀ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗੀਏ, ਕਮਿਊਨਿਟੀ ਦੇ ਨਿਸ਼ਕਾਮ ਸੇਵਕ, ਖੇਡਾਂ ਨੂੰ ਦੁਨੀਆਂ ਭਰ ਵਿਚ ਪ੍ਰਮੋਟ ਕਰਨ ਵਾਲੇ, ਪੰਜਾਬੀ ਬੋਲੀ ਅਤੇ ਪੰਜਾਬੀ ਸਭਿਆਚਾਰ ਦੇ ਸੱਚੇ ਸੇਵਾਦਾਰ ਪੰਜਾਬ ਦੀ ਧਰਤੀ ਉਪਰ ਨਸ਼ਿਆਂ ਵਿਰੁੱਧ ਵਿਆਪਕ ਲਹਿਰ ਛੇੜਨ ਵਾਲੇ ਗੋਲਡਨ ਜਿਮ ਅਤੇ ਏ ਐਂਡ ਆਈ ਟਰੱਕਿੰਗ ਕੈਲੀਫੋਰਨੀਆ ਦੇ ਮਾਲਕ
ਗਾਖਲ ਬ੍ਰਦਰਜ਼
ਅਮੋਲਕ ਸਿੰਘ ਗਾਖਲ, ਇਕਬਾਲ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ


ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ, ਲੰਬੜਾ ਤੇ ਸਾਹਾਂ ਦਾ ਹਿਸਾਬ ਕੱਟ ਕੇ,
ਪੱਗ, ਝੱਗਾ, ਚਾਦਰਾ ਨਵਾਂ ਸਵਾ ਕੇ, ਕੱਛੇ ਮਾਰ ਵੰਜਲੀ ਅਨੰਦ ਛਾ ਗਿਆ,
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ
ਖਾਲਸੇ ਦੇ ਸਥਾਪਨਾ ਦਿਵਸ ਅਤੇ ਵਿਸਾਖੀ ਦੀਆਂ ਦੇਸਾਂ ਵਿਦੇਸਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਬਹੁਤ ਬਹੁਤ ਵਧਾਈਆਂ। ਅੱਜ ਦੇ ਹੀ ਦਿਨ 1699 ਵਿੱਚ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ 'ਪੰਜ ਪਿਆਰਿਆਂ' ਨੂੰ ਅੰਮ੍ਰਿਤ ਛਕਾ ਕੇ 'ਖਾਲਸਾ ਪੰਥ' ਦੀ ਸਾਜਨਾ ਕੀਤੀ ਸੀ।
ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ
ਲੱਖ-ਲੱਖ ਵਧਾਈਆਂ
ਸ੍ਰ. ਗੁਰਮੇਜ ਸਿੰਘ ਗਿੱਲ, ਡਾ. ਬਲਜੀਤ ਸਿੰਘ ਗਿੱਲ,
ਸ੍ਰ. ਗੁਰਜੰਟ ਸਿੰਘ ਗਿੱਲ, ਸ੍ਰ. ਸੁਖਵੰਤ ਸਿੰਘ ਗਿੱਲ (ਸ਼ਾਨ ਗਿੱਲ)
ਗਿੱਲ ਬ੍ਰਦਰਜ਼


ਖਾਲਸੇ ਦੇ ਸਥਾਪਨਾ ਦਿਵਸ ਅਤੇ ਵਿਸਾਖੀ ਦੀਆਂ ਦੇਸਾਂ ਵਿਦੇਸਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਬਹੁਤ ਬਹੁਤ ਵਧਾਈਆਂ। ਅੱਜ ਦੇ ਹੀ ਦਿਨ 1699 ਵਿੱਚ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ 'ਪੰਜ ਪਿਆਰਿਆਂ' ਨੂੰ ਅੰਮ੍ਰਿਤ ਛਕਾ ਕੇ 'ਖਾਲਸਾ ਪੰਥ' ਦੀ ਸਾਜਨਾ ਕੀਤੀ ਸੀ।
ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ
ਲੱਖ-ਲੱਖ ਵਧਾਈਆਂ
Happy Baisakhi
VANCO
TRUCK & AUTO PLAZA
TEL : 208-466-0833, FAX : 209-466-2740
VANCO
76
TRUCK & AUTO PLAZA
ਬੋਪਾਰਾਏ ਬ੍ਰਦਰਜ਼
ਜਸਵਿੰਦਰ ਸਿੰਘ ਬੋਪਾਰਾਏ, ਗੁਰਦੇਵ ਸਿੰਘ ਬੋਪਾਰਾਏ, ਮਲਕੀਤ ਸਿੰਘ ਬੋਪਾਰਾਏ, ਦਲਬੀਰ ਸਿੰਘ ਬੋਪਰਾਏ
1033. W Charter Way Stockton CA 95206 (1-5 Hwy4)


ਗੁਰੂ ਗੋਬਿੰਦ ਸਿੰਘ ਜੀ ਨੇ ਵਿਸਾਖੀ ਵਾਲੇ ਦਿਨ 13 ਅਪ੍ਰੈਲ 1699
ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਖਾਲਸਾ ਪੰਥ ਦੀ ਸਿਰਜਣਾ ਕੀਤੀ ਸੀ।
ਵਿਸਾਖੀ ਦੇ ਸ਼ੁਭ ਦਿਹਾੜੇ ਦੀਆਂ
ਲੱਖ-ਲੱਖ ਵਧਾਈ
ਜਥੇਦਾਰ ਪਾਖਰ ਸਿੰਘ ਅਕਾਲੀ
Manhamir Singh Nijjar
ਜਥੇਦਾਰ ਸੌਦਾਗਰ ਸਿੰਘ ਅਕਾਲੀ
ਸ. ਅੰਮ੍ਰਿਤਪਾਲ ਸਿੰਘ ਨਿੱਝਰ, ਜਥੇਦਾਰ ਅਵਤਾਰ ਸਿੰਘ ਅਕਾਲੀ, ਸ. ਸੁਰਿੰਦਰ ਸਿੰਘ ਨਿੱਝਰ
Varinder Singh Nijjar
Jagbir Singh Nijjar
ਸੁਰਿੰਦਰ ਸਿੰਘ ਨਿੱਝਰ, ਅੰਮ੍ਰਿਤਪਾਲ ਸਿੰਘ ਨਿੱਝਰ
ਟਕਸਾਲੀ ਅਕਾਲੀ ਆਗੂ, ਪਿੰਡ ਭਾਗ ਸਿੰਘਪੁਰਾ, ਫਿਲੌਰ, (ਜਲੰਧਰ)
ਪਿਛਲੀਆਂ ਚਾਰ ਪੀੜ੍ਹੀਆਂ ਤੋਂ ਪੰਥ ਦੇ ਵਫ਼ਾਦਾਰ ਸਿਪਾਹੀ ਜਿਨ੍ਹਾਂ ਜੈਤੋਂ ਦੇ ਮੋਰਚੇ ਤੋਂ ਲੈ ਕੇ ਧਰਮ ਯੁੱਧ ਅਤੇ ਪੰਜਾਬੀ ਸੂਬੇ ਲਈ ਜੇਲ੍ਹਾਂ ਕੱਟੀਆਂ। ਪਿੰਡ ਭਾਗਸਿੰਘ ਪੁਰਾ, ਹਲਕਾ ਫਿਲੌਰ ਦੇ ਜੰਮਪਲ ਜਥੇਦਾਰ ਸੌਦਾਗਰ ਸਿੰਘ ਅਕਾਲੀ, ਜਥੇਦਾਰ ਪਾਖਰ ਸਿੰਘ ਅਕਾਲੀ, ਜਥੇਦਾਰ ਅਵਤਾਰ ਸਿੰਘ ਅਕਾਲੀ ਦੇ ਵਾਰਸ
ਨਿੱਝਰ ਬ੍ਰਦਰਜ਼ ਤੇ ਪਰਿਵਾਰ
ਮਡੇਰਾ, ਫਰਿਜ਼ਨੋ, ਕੈਲੀਫੋਰਨੀਆ (ਅਮਰੀਕਾ) ਫੋਨ : 559-479-1804, 1-800-317-2577


ਵਿਸਾਖੀ ਦੇ ਸ਼ੁਭ ਦਿਹਾੜੇ ਦੀਆਂ
ਲੱਖ-ਲੱਖ ਵਧਾਈ
ਖਾਲਸੇ ਦੇ ਸਥਾਪਨਾ ਦਿਵਸ ਅਤੇ ਵਿਸਾਖੀ ਦੀਆਂ ਦੇਸਾਂ ਵਿਦੇਸਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਬਹੁਤ ਬਹੁਤ ਵਧਾਈਆਂ। ਅੱਜ ਦੇ ਹੀ ਦਿਨ 1699 ਵਿੱਚ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ 'ਪੰਜ ਪਿਆਰਿਆਂ' ਨੂੰ ਅੰਮ੍ਰਿਤ ਛਕਾ ਕੇ 'ਖਾਲਸਾ ਪੰਥ' ਦੀ ਸਾਜਨਾ ਕੀਤੀ ਸੀ।
CHARKHA'S
ਦੀ ਚੇਨ ਦੇ ਮਾਲਕ
Pabla Beverages inc &
Pauls Liquors & Markets
Www.bevstore.com 408-515-5330,
San Jose Morgan Hill Gilroy California
Surinder Singh Pabla
ਕਮਿਊਨਿਟੀ ਦੇ ਨਿਸ਼ਕਾਮ ਸੇਵਾਦਾਰ ਸਮਾਜ ਸੇਵਕ ਪੰਜਾਬੀ ਬੋਲੀ ਅਤੇ ਖੇਡਾਂ ਨੂੰ ਪ੍ਰਮੋਟ ਕਰਨ ਵਾਲੇ ਉਘੇ ਨੌਜਵਾਨ ਆਗੂ
ਸ. ਜਰਨੈਲ ਸਿੰਘ ਮੌਂਜੀ, ਸ. ਬਲਵੀਰ ਸਿੰਘ ਪਾਬਲਾ, ਸ. ਸੁਰਿੰਦਰ ਸਿੰਘ ਪਾਬਲਾ, ਸ. ਐਮ.ਪੀ. ਸਿੰਘ ਪਾਬਲਾ



ਖਾਲਸੇ ਦੇ ਸਥਾਪਨਾ ਦਿਵਸ ਅਤੇ ਵਿਸਾਖੀ ਦੀਆਂ ਦੇਸਾਂ ਵਿਦੇਸਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਬਹੁਤ ਬਹੁਤ ਵਧਾਈਆਂ। ਅੱਜ ਦੇ ਹੀ ਦਿਨ 1699 ਵਿੱਚ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ 'ਪੰਜ ਪਿਆਰਿਆਂ' ਨੂੰ ਅੰਮ੍ਰਿਤ ਛਕਾ ਕੇ 'ਖਾਲਸਾ ਪੰਥ' ਦੀ ਸਾਜਨਾ ਕੀਤੀ ਸੀ।
Happy Baisakhi
ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ
ਲੱਖ-ਲੱਖ ਵਧਾਈਆਂ
Best Western
Holiday Inn Express & Suites
ਸਿਟੀ ਆਫ਼ ਗਾਲਟ ਦੇ ਮੇਅਰ ਅਤੇ
ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ
ਦੇ ਮੁੱਖ ਸੇਵਾਦਾਰ
ਸ. ਪਰਗਟ ਸਿੰਘ ਸੰਧੂ



ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ, ਲੰਬੜਾ ਤੇ ਸਾਹਾਂ ਦਾ ਹਿਸਾਬ ਕੱਟ ਕੇ,
ਪੱਗ, ਝੱਗਾ, ਚਾਦਰਾ ਨਵਾਂ ਸਵਾ ਕੇ, ਕੱਛੇ ਮਾਰ ਵੰਜਲੀ ਅਨੰਦ ਛਾ ਗਿਆ,
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ

ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ

# ਲੱਖ-ਲੱਖ ਵਧਾਈਆਂ



ਕਮਿਊਨਿਟੀ ਦੇ ਨਿਸ਼ਕਾਮ ਸੇਵਾਦਾਰ ਦਹਾਕਿਆਂ ਤੋਂ ਕੌਮ ਦੀ ਸਮਾਜ ਦੀ ਸੇਵਾ ਕਰਦੇ ਆ ਰਹੇ ਅਮਰੀਕਾ ਦੇ ਉਘੇ ਬਿਜ਼ਨਸਮੈਨ

## ਸ੍ਰੀ ਰਾਮ ਸਰੋਏ, ਸ੍ਰੀ ਸਤਿੰਦਰ ਸਰੋਏ ਅਤੇ ਸਰੋਏ ਪਰਿਵਾਰ

ਚੇਅਰਮੈਨ ਡਾਕਟਰ ਅੰਬੇਦਕਰ ਐਜੂਕੇਸ਼ਨ ਏਡ ਸੁਸਾਇਟੀ, ਸੀਨੀਅਰ ਸੁਪਰੀਮ ਕੌਂਸਲ ਮੈਂਬਰ
ਸ੍ਰੀ ਗੁਰੂ ਰਵੀਦਾਸ ਸਭਾ (ਯੂ.ਐਸ.ਏ.) ਸਾਬਕਾ ਚੇਅਰਮੈਨ ਸ੍ਰੀ ਗੁਰੂ ਰਵੀਦਾਸ ਸਭਾ ਬੇ-ਏਰੀਆ ਕੈਲੀਫੋਰਨੀਆ


ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ
ਲੱਖ-ਲੱਖ ਵਧਾਈਆਂ
ਖਾਲਸੇ ਦੇ ਸਥਾਪਨਾ ਦਿਵਸ ਅਤੇ ਵਿਸਾਖੀ ਦੀਆਂ ਦੇਸਾਂ ਵਿਦੇਸਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਬਹੁਤ ਬਹੁਤ ਵਧਾਈਆਂ। ਅੱਜ ਦੇ ਹੀ ਦਿਨ 1699 ਵਿੱਚ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ 'ਪੰਜ ਪਿਆਰਿਆਂ' ਨੂੰ ਅੰਮ੍ਰਿਤ ਛਕਾ ਕੇ 'ਖਾਲਸਾ ਪੰਥ' ਦੀ ਸਾਜਨਾ ਕੀਤੀ ਸੀ।
LTA BROS.
LIVINGSTON CALIFORNIA
ਸ. ਹੈਰੀ ਸਿੰਘ ਭੰਗੂ
L T A Bros
11145 E Clausen Road
Turlock, CA 95380
ਸ. ਰਾਜਾ ਧਾਮੀ




ਖਾਲਸੇ ਦੇ ਸਥਾਪਨਾ ਦਿਵਸ ਅਤੇ ਵਿਸਾਖੀ ਦੀਆਂ ਦੇਸਾਂ ਵਿਦੇਸਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਬਹੁਤ ਬਹੁਤ ਵਧਾਈਆਂ। ਅੱਜ ਦੇ ਹੀ ਦਿਨ 1699 ਵਿੱਚ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ’ਤੇ ‘ਪੰਜ ਪਿਆਰਿਆਂ’ ਨੂੰ ਅੰਮ੍ਰਿਤ ਛਕਾ ਕੇ ‘ਖਾਲਸਾ ਪੰਥ’ ਦੀ ਸਾਜਨਾ ਕੀਤੀ ਸੀ।

## ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ

## ਲੱਖ-ਲੱਖ ਵਧਾਈਆਂ



Jugraj Singh Sahota
President United Sports Club USA



**Late : S. Kashmir Singh Sahota**

ਸਹੋਤਾ ਪਰਿਵਾਰ ਵਲੋਂ ਯੂਨਾਈਟਿਡ ਸਪੋਰਟਸ ਕਲੱਬ ਵਲੋਂ ਕਰਵਾਏ ਜਾਂਦੇ ਸਲਾਨਾ ਕਬੱਡੀ ਵਰਲਡ ਕੱਪ ਵਿਚ ਆਪਣੇ ਪਿਤਾ ਸ. ਕਸ਼ਮੀਰ ਸਿੰਘ ਸਹੋਤਾ ਦੀ ਯਾਦ ਵਿਚ ਦੂਜਾ ਵੱਡਾ ਇਨਾਮ ਦਿੱਤਾ ਜਾਂਦਾ ਹੈ।



Narinder Singh Sahota
Joint Finance Secretary
United Sports Club USA

# J & N Petroleum inc. Sahota Petroleum inc

ਅਮਰੀਕਾ ਦੇ ਉਘੇ ਨੌਜਵਾਨ ਸਿੱਖ ਆਗੂ ਪੰਜਾਬੀ ਕੱਲਚਰ ਅਤੇ ਖੇਡਾਂ ਨੂੰ ਅਮਰੀਕਾ ’ਚ ਤਨ, ਮਨ, ਧਨ ਨਾਲ ਪ੍ਰਮੋਟ ਕਰਨ ਵਾਲੇ ਕੈਲੀਫੋਰਨੀਆ ਦੇ ਪ੍ਰਸਿੱਧ ਬਿਜਨਸਮੈਨ ਅਤੇ ਯੂਨਾਈਟਿਡ ਸਪ੍ਰੋਟਸ ਕਲੱਬ ਕੈਲੀਫੋਰਨੀਆ ਦੇ ਪ੍ਰਧਾਨ

## ਸ. ਜੁਗਰਾਜ ਸਿੰਘ ਸਹੋਤਾ ਤੇ ਸ. ਨਰਿੰਦਰ ਸਿੰਘ ਸਹੋਤਾ

ਸਮੂਹ ਸਹੋਤਾ ਪਰਿਵਾਰ


ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥
ਗੁਰੂ ਗੋਬਿੰਦ ਸਿੰਘ ਜੀ ਨੇ ਵਿਸਾਖੀ ਵਾਲੇ
ਦਿਨ ਪੰਥ ਖਾਲਸਾ ਸਜਾਇਆ,
ਕਲਗੀਧਰ ਨੇ ਗਿੱਦੜਾਂ ਨੂੰ ਸ਼ੇਰ ਬਣਾਇਆ
ਜ਼ੁਲਮ ਨਾਲ ਲੜਨ ਲਈ ਚੁੱਕੀ ਤਲਵਾਰ
ਆ ਗਿਆ ਵਿਸਾਖੀ ਦਾ ਤਿਉਹਾਰ
ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ
ਲੱਖ-ਲੱਖ ਵਧਾਈਆਂ
ਅਮਰੀਕਾ ਦੇ ਉਘੇ ਸਿੱਖ ਆਗੂ ਅਤੇ ਕੈਲੀਫੋਰਨੀਆ ਤੋਂ ਪੰਥਕ ਆਵਾਜ਼
ਸ:ਹਰਮਿੰਦਰ ਸਿੰਘ ਸਮਾਣਾ
(209) 481-7750

ਖਾਲਸੇ ਦੇ ਸਥਾਪਨਾ ਦਿਵਸ ਅਤੇ ਵਿਸਾਖੀ ਦੀਆਂ ਦੇਸਾਂ ਵਿਦੇਸਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਬਹੁਤ ਬਹੁਤ ਵਧਾਈਆਂ। ਅੱਜ ਦੇ ਹੀ ਦਿਨ 1699 ਵਿੱਚ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ 'ਪੰਜ ਪਿਆਰਿਆਂ' ਨੂੰ ਅੰਮ੍ਰਿਤ ਛਕਾ ਕੇ 'ਖਾਲਸਾ ਪੰਥ' ਦੀ ਸਾਜਨਾ ਕੀਤੀ ਸੀ।



# ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ
# ਲੱਖ-ਲੱਖ ਵਧਾਈਆਂ






ਸ. ਰੇਸ਼ਮ ਸਿੰਘ , ਪ੍ਰਧਾਨ
ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੈਸਟ

ਸ. ਜਗਤਾਰ ਸਿੰਘ ਗਿੱਲ ਜਨਰਲ ਸੈਕਟਰੀ
ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂ ਐਸ ਏ (ਵੈਸਟ)

ਬਲਵਿੰਦਰ ਸਿੰਘ ਮਿੰਠੂ ਚੀਮਾ
ਨੈਸ਼ਨਲ ਪੈਨਲ ਮੈਂਬਰ

ਜਗਰਾਜ ਸਿੰਘ ਧਾਲੀਵਾਲ
ਸੀਨੀਅਰ ਵਾਈਸ ਪ੍ਰਧਾਨ ਕੈਲੀਫੋਰਨੀਆ

ਰਛਪਾਲ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ
ਅੰਮ੍ਰਿਤਸਰ ਕੈਲੇਫੋਨੀਆਂ ਵੈਸਟ

ਸ. ਜਸਬੀਰ ਸਿੰਘ ਤੱਖਰ
ਨੈਸ਼ਨਲ ਪੈਨਲ ਮੈਂਬਰ



ਪਰਮਜੀਤ ਸਿੰਘ ਲਾਸਏਂਜਲਸ
ਵਾਈਸ ਕੈਲੇਫੋਰੀਨੀਆ

ਕੁਲਵੰਤ ਸਿੰਘ

ਸਮਰਜੀਤ ਸਿੰਘ
ਚੀਫ ਐਗਜੈਕਟਿਵ ਮੈਂਬਰ

ਲਵਦੀਪ ਸਿੰਘ
ਸਹਾਇਕ ਖਜਾਨਚੀ

ਤਰਨਜੀਤ ਸਿੰਘ
ਚੀਫ ਐਗਜੈਕਟਿਵ ਮੈਂਬਰ

ਗੁਰਮੀਤ ਸਿੰਘ
ਯੂਥਾਸਿਟੀ ਵਾਈਸ ਪ੍ਰਧਾਨ

ਸੁਖਬੀਰ ਸਿੰਘ ਗਿੱਲ
ਮੀਡੀਆ ਇੰਚਾਰਜ

ਵਿਕਰਮਜੀਤ ਸਿੰਘ
ਐਗਜੈਕਟਿਵ ਮੈਂਬਰ



ਚਰਨਜੀਤ ਸਿੰਘ ਧਾਲੀਵਾਲ

ਗੁਰਵਿੰਦਰ ਸਿੰਘ

ਜਸਕਰਨ ਸਿੰਘ

ਨਿਰਮਲ ਸਿੰਘ

ਪਰਮਜੀਤ ਸਿੰਘ ਧਾਲੀਵਾਲ

ਰਾਜਦੀਪ ਸਿੰਘ

ਸੰਦੀਪ ਸਿੰਘ

## ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੈਸਟ ਯੂ ਐਸ ਏ

661-209-0118


ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ, ਲੰਬੜਾ ਤੇ ਸਾਹਾਂ ਦਾ ਹਿਸਾਬ ਕੱਟ ਕੇ,
ਪੱਗ, ਝੱਗਾ, ਚਾਦਰਾ ਨਵਾਂ ਸਵਾ ਕੇ, ਕੱਛੇ ਮਾਰ ਵੰਜਲੀ ਅਨੰਦ ਛਾ ਗਿਆ,
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ
ਖਾਲਸੇ ਦੇ ਸਥਾਪਨਾ ਦਿਵਸ ਅਤੇ ਵਿਸਾਖੀ ਦੀਆਂ ਦੇਸਾਂ ਵਿਦੇਸਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਬਹੁਤ ਬਹੁਤ ਵਧਾਈਆਂ। ਅੱਜ ਦੇ ਹੀ ਦਿਨ 1699 ਵਿੱਚ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ 'ਪੰਜ ਪਿਆਰਿਆਂ' ਨੂੰ ਅੰਮ੍ਰਿਤ ਛਕਾ ਕੇ 'ਖਾਲਸਾ ਪੰਥ' ਦੀ ਸਾਜਨਾ ਕੀਤੀ ਸੀ।
ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ
ਲੱਖ-ਲੱਖ ਵਧਾਈਆਂ
ਵਾਹਿਗੁਰੂ ਜੀ ਆਪ ਸਭ ਦੇ ਜੀਵਨ ਵਿਚ ਨਾਮ ਬਾਣੀ ਅਤੇ ਖੁਸ਼ੀਆਂ ਦਾ ਪ੍ਰਕਾਸ਼ ਕਰਨ।
ਕਮਿਊਨਟੀ ਦੇ ਨਿਸ਼ਕਾਮ ਸੇਵਕ, ਨੌਜਵਾਨ ਸਿੱਖ ਆਗੂ ਅਤੇ ਸ਼੍ਰੀ ਗੁਰੂ ਰਵੀਦਾਸ ਸਭਾ ਪਿਟਸਬਰਗ ਕੈਲੀਫੋਰਨੀਆ ਦੇ ਸਾਬਕਾ ਜਰਨਲ ਸਕੱਤਰ
ਸ:ਸੰਤੋਖ ਸਿੰਘ ਝਿੰਗੜਾ

# ਫਸਲਾਂ ਦੀ ਮੁੱਕ ਗਈ ਰਾਖੀ, ਓ ਜੱਟਾ ਆਈ ਵਿਸਾਖੀ



ਹਾਣੀਆਂ ਦੀ ਢਾਣੀ ਵਿੱਚ ਲਾੜਾ ਸਜਦਾ, ਬੱਘ ਬੱਘ ਬੱਘ ਸੇਰ ਗੱਜਦਾ,
ਹੀਰੇ ਨੂੰ ਅਰਕ ਨਾਲ ਹੁੱਜਾਂ ਮਾਰਦਾ, ਸੈਣਤਾਂ ਦੇ ਨਾਲ ਰਾਮੂ ਨੂੰ ਵੰਗਾਰਦਾ,
ਚੰਗੀ ਜਿਹੀ ਸੱਦ ਲਾ ਦੇ, ਬੱਲੇ ਬੇਲੀਆ, ਤੂੰਬਾ ਜਰਾ ਖੋਲ ਖਾਂ, ਜੁਆਨਾ ਤੇਲੀਆ,
ਸਰੂ ਵਾਂਗ ਝੂਲ ਵੰਝਲੀ ਸੁਣਾ ਗਿਆ, ਮਾਰਦਾ ਦਮਾਮੇ ਜੱਟ ਮੇਲੇ ਆ ਗਿਆ



ਸਵਰਗਵਾਸੀ ਮਾਤਾ ਜਗੀਰ ਕੌਰ ਹੰਸਲਾ



ਸਵਰਗਵਾਸੀ ਪ੍ਰਿੰਸੀਪਲ ਬਲਬੀਰ ਸਿੰਘ ਹੰਸਲਾ


## ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ

# ਲੱਖ-ਲੱਖ ਵਧਾਈਆਂ



**ਕਮਾਂਡਰ ਆਲਮਜੀਤ ਸਿੰਘ ਹੰਸਲਾ, ਗੁਰਦੁਆਰਾ ਸਾਹਿਬ ਫਰੀਮਾਂਟ ਦੇ ਸੀਨੀਅਰ ਸੇਵਾਦਾਰ ਸ੍ਰ. ਬਲਜੀਤ ਸਿੰਘ ਹੰਸਲਾ, ਗੁਰਦੁਆਰਾ ਸਾਹਿਬ ਫਰੀਮਾਂਟ ਦੇ ਸਾਬਕਾ ਸੀਨੀਅਰ ਸੁਪਰੀਮ ਕੌਂਸਲ ਮੈਂਬਰ ਸ੍ਰ. ਗੁਰਪਾਲ ਸਿੰਘ ਹੰਸਲਾ, ਕਮਿਊਨਿਟੀ ਦੇ ਨਿਸ਼ਕਾਮ ਸੇਵਾਦਾਰ ਸ੍ਰ. ਗੁਰਚਰਨ ਸਿੰਘ ਹੰਸਲਾ, ਨੌਜਵਾਨ ਸਿੱਖ ਆਗੂ ਸ੍ਰ. ਗੁਰਪ੍ਰੀਤ ਸਿੰਘ ਹੰਸਲਾ**

## ਗੁਰੂ ਗੋਬਿੰਦ ਸਿੰਘ ਜੀ ਨੇ ਵਿਸਾਖੀ ਵਾਲੇ ਦਿਨ ਪੰਥ ਖਾਲਸਾ ਸਜਾਇਆ, ਕਲਗੀਧਰ ਨੇ ਗਿੱਦੜਾਂ ਨੂੰ ਸ਼ੇਰ ਬਣਾਇਆ ਜ਼ੁਲਮ ਨਾਲ ਲੜਨ ਲਈ ਚੁੱਕੀ ਤਲਵਾਰ ਆ ਗਿਆ ਵਿਸਾਖੀ ਦਾ ਤਿਉਹਾਰ



# ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ




ਖਾਲਸੇ ਦੇ ਸਥਾਪਨਾ ਦਿਵਸ ਅਤੇ ਵਿਸਾਖੀ ਦੀਆਂ ਦੇਸਾਂ ਵਿਦੇਸਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਬਹੁਤ ਬਹੁਤ ਵਧਾਈਆਂ। ਅੱਜ ਦੇ ਹੀ ਦਿਨ 1699 ਵਿੱਚ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ 'ਪੰਜ ਪਿਆਰਿਆਂ' ਨੂੰ ਅੰਮ੍ਰਿਤ ਛਕਾ ਕੇ 'ਖਾਲਸਾ ਪੰਥ' ਦੀ ਸਾਜਨਾ ਕੀਤੀ ਸੀ।







ਧੰਨਵਾਦ ਸਾਹਿਤ : ਸਮੂਹ ਸੰਗਤ ਕੈਲੀਫੋਰਨੀਆ, ਇਲਾਕਾ ਨਿਵਾਸੀ ਸੰਗਤਾਂ ਫਤਹਿਗੜ੍ਹ ਸਾਹਿਬ ਅਤੇ

## ਬਾਬਾ ਜ਼ੋਰਾਵਰ ਸਿੰਘ ਬਾਬਾ ਫਤਹਿ ਸਿੰਘ ਸੇਵਾ ਸੁਸਾਇਟੀ


ਹਾਣੀਆਂ ਦੀ ਢਾਣੀ ਵਿੱਚ ਲਾੜਾ ਸਜਦਾ, ਬੱਘ ਬੱਘ ਬੱਘ ਸੇਰ ਗੱਜਦਾ, ਹੀਰੇ ਨੂੰ ਅਰਕ ਨਾਲ ਹੁੱਜਾਂ ਮਾਰਦਾ, ਸੈਣਤਾਂ ਦੇ ਨਾਲ ਰਾਮੂ ਨੂੰ ਵੰਗਾਰਦਾ,
ਚੰਗੀ ਜਿਹੀ ਸੱਦ ਲਾ ਦੇ, ਬੱਲੇ ਬੇਲੀਆ, ਤੂੰਬਾ ਜਰਾ ਖੋਲ ਖਾਂ, ਜੁਆਨਾ ਤੇਲੀਆ, ਸਰੂ ਵਾਂਗ ਝੂਲ ਵੰਝਲੀ ਸੁਣਾ ਗਿਆ, ਮਾਰਦਾ ਦਮਾਮੇ ਜੱਟ ਮੇਲੇ ਆ ਗਿਆ
ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ
ਲੱਖ-ਲੱਖ ਵਧਾਈਆਂ
ਕਮਿਊਨਿਟੀ ਦੇ ਸੱਚੇ ਅਤੇ ਨਿਸ਼ਕਾਮ ਸੇਵਾਦਾਰ, ਪੰਜਾਬੀ ਮਾਂ ਬੋਲੀ
ਅਤੇ ਪੰਜਾਬੀ ਸੱਭਿਆਚਾਰ ਦੇ ਮੁਦਈ ਅਮਰੀਕਾ ਦੇ ਉਘੇ ਸਿੱਖ ਆਗੂ ਅਤੇ
ਸ਼੍ਰੋਮਣੀ ਅਕਾਲੀ ਦਲ ਬਾਦਲ ਕੈਲੀਫੋਰਨੀਆ ਸਟੇਟ ਦੇ ਪ੍ਰਧਾਨ
ਸ. ਬਲਜੀਤ ਸਿੰਘ ਮਾਨ ਅਤੇ ਸਮੂਹ ਮਾਨ ਪਰਿਵਾਰ



## ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥

ਖਾਲਸੇ ਦੇ ਸਥਾਪਨਾ ਦਿਵਸ ਅਤੇ ਵਿਸਾਖੀ ਦੀਆਂ ਦੇਸਾਂ ਵਿਦੇਸਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਬਹੁਤ ਬਹੁਤ ਵਧਾਈਆਂ। ਅੱਜ ਦੇ ਹੀ ਦਿਨ 1699 ਵਿੱਚ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ’ਤੇ ‘ਪੰਜ ਪਿਆਰਿਆਂ’ ਨੂੰ ਅੰਮ੍ਰਿਤ ਛਕਾ ਕੇ ‘ਖਾਲਸਾ ਪੰਥ’ ਦੀ ਸਾਜਨਾ ਕੀਤੀ ਸੀ।

# ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ

## ਦੀਆਂ ਲੱਖ-ਲੱਖ ਵਧਾਈਆਂ

